# ਵਰਿਆਮ

ਅਕਤੂਬਰ ੧੯੯੮

## ਹੜਾਂ ਦਾ ਪ੍ਰਕੋਪ

ਇਹਨਾਂ ਸਤਰਾਂ ਦੇ ਲਿਖੇ ਜਾਣ ਵੇਲੇ ਤੱਕ ਪੰਜਾਬ ਵਿਚ ਹੜਾਂ ਦਾ ਪ੍ਰਕੋਪ ਜਾਰੀ ਹੈ। ਹਰ ਪਾਸੇ ਜਲ ਹੀ ਜਲ ਹੈ। ਕਈ ਕੀਮਤੀ ਜਾਨਾਂ, ਖੜੀਆਂ ਫਸਲਾਂ ਅਤੇ ਅਨੇਕਾਂ ਮਕਾਨ ਹੜਾਂ ਦੀ ਭੇਟ ਹੋ ਗਏ ਹਨ। ਰੇਲ ਅਤੇ ਸੜਕਾਂ ਦੀ ਜ਼ਿਆਦਾਤਰ ਆਵਾਜਾਈ ਠੱਪ ਹੈ। ਕਾਰੋਬਾਰ ਬੰਦ ਹਨ। ਭਵਿਖ ਦੀ ਤਸਵੀਰ ਮਾੜੀ ਦਿਸਦੀ ਹੈ। ਇਹ ਪਰਚਾ (ਜੇ ਆਪ ਦੇ ਹੱਥਾਂ ਵਿਚ ਪੁਜਦਾ ਹੈ) ਮੀਂਹ ਦੇ ਪਾਣੀ ਵਿਚ ਖਲੋ ਕੇ ਤਿਆਰ ਕੀਤਾ ਜਾ ਰਿਹਾ ਹੈ। ਪਹਿਲਾਂ ਛੱਪਿਆ ਕਾਗਜ਼ ਭਿਜ ਜਾਣ ਕਾਰਣ ਕੁਝ ਛਪਾਈ ਦੁਬਾਰਾ ਕਰਨੀ ਪੈ ਰਹੀ ਹੈ। ਪਾਠਕਾਂ ਨੂੰ ਸਾਡੀ ਹਾਲਤ ਦਾ ਅੰਦਾਜ਼ਾ ਹੋਵੇਗਾ ਹੀ।

ਪੰਜਾਬ ਅਤੇ ਗੁਆਂਢੀ ਪ੍ਰਦੇਸ਼ਾਂ ਵਿਚ ਆਏ ਸੰਕਟ ਦਾ ਮੁਕਾਬਲਾ ਸਾਰੇ ਲੋਕਾਂ, ਸਾਰੀਆਂ ਰਾਜਸੀ ਤੇ ਸਮਾਜੀ ਜਥੇਬੰਦੀਆਂ ਨੂੰ ਰਲ ਕੇ ਕਰਨਾ ਪੈਣਾ ਹੈ। ਕੇਂਦਰੀ ਸਰਕਾਰ ਨੂੰ ਚਾਹੀਦਾ ਹੈ ਕਿ ਕੁਦਰਤੀ ਪ੍ਰਕੋਪ ਦੇ ਮੌਕੇ ਤੇ ਗਰੀਬਾਂ ਦੇ ਮਾਲੀ ਤੇ ਜਾਨੀ ਨੁਕਸਾਨ ਵਾਸਤੇ ਭਰਪੂਰ ਮੁਆਵਜ਼ਾ ਦੇਵੇ ਅਤੇ ਲੋਕਾਂ ਦੇ ਮੁੜ ਵਸੇਬੇ ਵਾਸਤੇ ਜੰਗੀ ਪਧਰ ਤੇ ਹੀਲੇ ਕਰੇ।

ਜਗਦੀਸ਼ ਸਿੰਘ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
" : 2510345
Resi. : 213054

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

ਵਰਿਆਮ
ਅਕਤੂਬਰ—੧੯੮੮ ਜਿਲਦ ੧੩ ਅੰਕ :—੧੨
ਸੰਪਾਦਕ : ਜਗਦੀਸ਼ ਸਿੰਘ

ਸੰਪਾਦਕੀ

# ਮਾਨ ਹਾਨੀ ਬਿਲ

ਮਾਨ ਹਾਨੀ (ਜਾਂ ਹੱਤਕ ਇਜ਼ਤ) ਬਿਲ ਨੂੰ ਲੈ ਕੇ ਭਾਰਤ ਦੇ ਸਾਰੇ ਪ੍ਰੈਸ ਨੇ ਆਪਣੀ ਏਕਤਾ ਅਤੇ ਇਕਮੁੱਠਤਾ ਦਾ ਸਬੂਤ ਦੇਂਦੇ ਹੋਏ ਇਸ ਦਾ ਜ਼ਬਰਦਸਤ ਵਿਰੋਧ ਕੀਤਾ ਹੈ। ਲੋਕ ਸਭਾ ਵਿਚ ਭਾਰੀ ਬਹੁ-ਸੰਮਤੀ ਦੇ ਬਲ ਬੋਤੇ ਇਸਨੂੰ ਪਾਸ ਕਰਵਾ ਲਿਆ ਗਿਆ ਪਰ ਰਾਜ ਸਭਾ ਵਿਚ ਪੇਸ਼ ਹੋਣ ਤੋਂ ਪਹਿਲੋਂ ਅਖਬਾਰਾਂ ਵਿਚ ਜ਼ਬਰਦਸਤ ਰੋਸ ਪ੍ਰਗਟ ਕੀਤਾ ਗਿਆ। ਇਹ ਰੋਸ ਏਨਾ ਵਿਆਪਕ ਸੀ ਕਿ ਅੰਤ ਨੂੰ ਸਰਕਾਰ ਨੇ ਮਜਬੂਰ ਹੋ ਕੇ ਬਿਲ ਨੂੰ ਰਾਜ ਸਭਾ ਵਿਚ ਪੇਸ਼ ਨਾ ਕਰਨ ਦਾ ਨਿਰਣਾ ਕੀਤਾ। ਪ੍ਰਧਾਨ ਮੰਤਰੀ ਨੇ ਇਕ ਉੱਚ ਪਧਰੀ ਮੰਤਰੀ ਕਮੇਟੀ ਬਣਾਈ। ਜਿਸ ਦਾ ਮੰਤਵ ਇਸ ਬਿਲ ਤੇ ਮੁੜ ਵਿਚਾਰ ਕਰਨਾ ਅਤੇ ਅਖਬਾਰਾਂ ਵਾਲਿਆਂ ਨਾਲ ਗੱਲ ਕਰਨਾ ਸੀ।

ਪਰ ਅਖਬਾਰੀ ਬਰਾਦਰੀ ਦੀ ਇਹ ਜ਼ਬਰਦਸਤ ਮੰਗ ਸੀ ਕਿ ਇਸ ਬਿਲ ਤੇ ਵਿਚਾਰ ਨਾ ਕੀਤਾ ਜਾਵੇ ਸਗੋਂ ਮੂਲੋਂ ਹੀ ਵਾਪਸ ਲੈ ਲਿਆ ਜਾਵੇ।

ਭਾਵੇਂ ਸਰਕਾਰ ਦੇ ਇਸ ਫੈਸਲੇ ਨਾਲ ਕਿ ਬਿਲ ਰਾਜ ਸਭਾ ਵਿਚ ਪੇਸ਼ ਨਹੀਂ ਕੀਤਾ ਜਾਣਾ ਅਮਲੀ ਤੌਰ ਤੇ ਪ੍ਰੈਸ ਜਿੱਤ ਗਈ ਸੀ ਪਰ ਭਾਰਤ ਦੀ ਸਮੁੱਚੀ ਪ੍ਰੈਸ ਨੇ ਇਹ ਦ੍ਰਿੜ ਫੈਸਲਾ ਲਿਆ ਕਿ ੬ ਸਤੰਬਰ ਨੂੰ ਪ੍ਰਸਤਾਵਿਤ ਹੜਤਾਲ ਜ਼ਰੂਰ ਹੋਵੇਗੀ। ਅਤੇ ੬ ਸਤੰਬਰ ੧੯੮੮ ਨੂੰ ਭਾਰਤ ਦੇ ਹਰ ਰੰਗ ਅਤੇ ਹਰ ਬੋਲੀ ਦੇ ਪਤ੍ਰਕਾਰ ਨੇ ਹੜਤਾਲ ਕੀਤੀ। ਸਭ ਰੋਜ਼ਾਨਾ ਅਖਬਾਰਾਂ ਉਸ ਦਿਨ ਪ੍ਰਕਾਸ਼ਤ ਨਾ ਹੋਈਆਂ। ਸਮਾਚਾਰ ਏਜੰਸੀਆਂ ਪੀ.ਟੀ.ਆਈ., ਯੂ.ਐਨ.ਆਈ. ਆਦਿਕਾਂ ਦੇ ਟੈਲੀਪ੍ਰਿੰਟਰ ਸ਼ਾਂਤ ਰਹੇ। ੭ ਸਤੰਬਰ ਨੂੰ ਲੋਕਾਂ ਨੂੰ ਅਖਬਾਰਾਂ ਤੋਂ ਬਗੈਰ ਰਹਿਣਾ ਪਿਆ।

ਪ੍ਰੈਸ ਨੇ ਇਹ ਸਟੈਂਡ ਕਿਉਂ ਲਿਆ। ਕਾਰਨ ਇਹ ਸੀ ਕਿ ਇਹ ਬਿਲ ਸੰਵਿਧਾਨ ਵਲੋਂ ਦਿਤੀ ਮਨੁਖੀ ਆਜ਼ਾਦੀ ਤੇ ਛਾਪਾ ਮਾਰਦਾ ਸੀ। ਪਿਛਲੇ ਸਮਿਆਂ ਵਿਚ ਅਖਬਾਰਾਂ ਨੇ ਬਹੁਤ ਸਾਰੇ ਸਕੈਂਡਲਾਂ ਤੋਂ ਪਰਦਾ ਚੁੱਕਿਆ ਸੀ ਅਤੇ ਅਗੋਂ ਹੋਰ ਵੀ ਆਸ ਹੈ। ਇਸ ਸਥਿਤੀ ਤੋਂ ਚਿੜ ਕੇ ਸਰਕਾਰ ਨੇ ਇਹ ਬਿਲ ਪਾਰਲੀਮੈਂਟ ਵਿਚ ਲਿਆਂਦਾ। ਜੇ ਬਿਲ ਪਾਸ ਹੋ ਜਾਂਦਾ ਤਾਂ ਕਿਸੇ ਵੀ ਖਬਰ, ਕਾਰਟੂਨ ਲੇਖ, ਵਿਅੰਗ ਦੀ ਬਿਨਾ ਤੇ ਅਖਬਾਰਾਂ ਦੇ ਮਾਲਕ, ਐਡੀਟਰ, ਰਿਪੋਰਟਰ, ਕਾਰਟੂਨਿਸਟ ਆਦਿਕ ਨੂੰ ਜੇਲ ਭੇਜਿਆ ਜਾ ਸਕਦਾ ਸੀ। ਸਿੱਟਾ ਬਿਲ ਦਾ ਇਹ ਨਿਕਲਣਾ ਸੀ ਕਿ ਜੇਲ ਜਾਣ ਦੇ ਡਰੋਂ ਆਪਣੀ ਆਤਮਾ ਦੀ ਆਵਾਜ਼ ਨੂੰ ਦਬਾ ਕੇ ਲਿਖਣਾ ਪੈਣਾ ਸੀ। ਇਹ ਦੂਸਰੇ ਅਰਥਾਂ ਵਿਚ ਅਖਬਾਰਾਂ ਉਤੇ ਸੈਂਸਰ ਹੀ ਸੀ। ਜ਼ਾਹਰਾ ਤੌਰ ਤੇ ਤਾਂ ਅਜਿਹੇ ਕਾਨੂੰਨ ਜਿੰਨਾਂ ਜਿੰਨਾਂ ਦੇਸ਼ਾਂ ਵਿਚ ਲਗੇ ਹਨ ਉਥੇ ਉਥੇ ਸਰਕਾਰ ਵਿਰੋਧੀ ਲਿਖਤਾਂ ਅਖਬਾਰਾਂ ਚੋਂ ਗਾਇਬ ਹੋ ਗਈਆਂ ਪਰ ਸਰਕਾਰ ਪੱਖੀ ਸਾਮਗਰੀ ਛਪਣ ਦੇ ਬਾਵਜੂਦ ਅੰਦਰੋਂ ਅੰਦਰੀਂ ਸਰਕਾਰ ਵਿਰੋਧੀ ਰੋਹ ਬਲਵਾਨ ਹੀ ਹੋਇਆ ਹੈ। ਨਿਰਪੱਖ ਲੋਕ-ਤੰਤ੍ਰ ਲਈ ਅਖਬਾਰਾਂ ਦੀ ਆਜ਼ਾਦੀ ਬਹੁਤ ਜ਼ਰੂਰੀ ਹੈ ਭਾਵੇਂ ਅਖਬਾਰ ਵਿਰੋਧ ਵਿਚ ਹੀ ਲਿਖਦਾ ਹੋਵੇ। ਇਸ ਨਾਲ ਸਰਕਾਰ ਅਤੇ ਵਿਰੋਧੀ ਪਾਰਟੀਆਂ ਸੁਚੇਤ ਰਹਿੰਦੀਆਂ ਹਨ। ਅਮਲੀ ਤੌਰ ਤੇ ਵੇਖਣ ਵਿਚ ਆਇਆ ਹੈ ਕਿ ਅਖਬਾਰਾਂ ਨੇ ਜੇ ਸਰਕਾਰ ਜਾਂ ਸਰਕਾਰੀ ਪਾਰਟੀ ਦੇ ਬੰਦਿਆਂ ਤੇ ਨੁਕਤਾਚੀਨੀ ਕੀਤੀ ਹੈ ਤਾਂ ਉਹਨਾਂ ਵਿਰੋਧੀ ਧਿਰ ਨੂੰ ਵੀ ਬਖਸ਼ਿਆ ਨਹੀਂ ਹੈ। ਜਨਤਾ ਵੀ ਏਨੀ ਸਮਝਦਾਰ ਹੈ ਕਿ ਉਹ ਨਿਰਾ ਅਖਬਾਰ ਦੀ ਲਿਖਤ ਪਿਛੇ ਹੀ ਨਹੀਂ ਜਾਂਦੀ ਉਹ ਆਪਣੇ ਵਿਵੇਕ ਨਾਲ ਫੈਸਲਾ ਕਰਦੀ ਹੈ। ਸੱਚ ਦਾ ਪੱਲਾ ਫੜਕੇ ਨਿਰਪਖਤਾ ਨਾਲ ਕੋਈ ਕਦਮ ਚੁੱਕੇ ਤਾਂ ਨਿਸਚੇ ਹੀ ਕਾਮਯਾਬੀ ਹੋਵੇਗੀ ਭਾਵੇਂ ਕੋਈ ਕੁਝ ਲਿਖਦਾ ਰਹੇ।

ਹੁਣ ਸਰਕਾਰ ਨੇ ਇਸ ਬਿਲ ਵਿਰੁਧ ਵਿਆਪਕ ਰੋਸ ਨੂੰ ਵੇਖਦੇ ਹੋਏ ਦਰੁਸਤ ਫੈਸਲਾ ਕੀਤਾ ਹੈ ਕਿ ਇਸ ਬਿਲ ਬਾਰੇ ਅਗਲੀ ਕਾਰਵਾਈ ਖਤਮ ਕੀਤੀ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਬਿਲ ਵਾਪਸ ਲੈ ਲਿਆ ਗਿਆ ਹੈ। ਇਸ ਸਾਰੇ ਵਰਤਾਰੇ ਵਿਚੋਂ ਇਕ ਗਲ ਇਹ ਤਾਂ ਨਿਕਲੀ ਹੈ ਕਿ ਲੋਕ ਸਭਾ ਦੇ ਸਿਆਣੇ ਵੀ ਅਜਿਹੀਆਂ ਗਲਾਂ ਪਾਸ ਕਰ ਦਿੰਦੇ ਹਨ ਜੋ ਵਕਤ ਦੀ ਕਸਵਟੀ ਤੇ ਗਲਤ ਹੁੰਦੀਆਂ ਹਨ। ਪਾਰਲੀਮੈਂਟ ਦੇ ਸਤਿਕਾਰ ਯੋਗ ਮੈਂਬਰਾਂ ਨੂੰ ਕੇਵਲ ਇਕ ਮਸ਼ੀਨੀ ਪੁਰਜ਼ੇ ਵਾਂਗ ਕੰਮ ਨਹੀਂ ਕਰਨਾ ਚਾਹੀਦਾ ਸਗੋਂ ਆਪਣੇ ਵਿਵੇਕ ਤੋਂ ਕੰਮ ਲੈਂਦਿਆਂ ਦੇਸ਼ ਅਤੇ ਲੋਕਾਂ ਦੀ ਆਤਮਾ ਨਾਲ ਜੁੜਣਾ ਚਾਹੀਦਾ ਹੈ। ਇੰਜ ਕਰਨ ਨਾਲ ਦੇਸ਼ ਦੇ ਭਲੇ ਦੇ ਨਾਲ ਉਹਨਾਂ ਦੀ ਆਪਣੀ ਪਾਰਟੀ ਦਾ ਵੀ ਭਲਾ ਹੁੰਦਾ ਹੈ। ਉਹਨਾਂ ਨੂੰ ਸੱਚ ਦੀ ਆਵਾਜ਼ ਆਪ ਪਹਿਲੇ



Sri Satguru Jagjit Singh Ji eLibrary NamdhariElibrary@gmail.com

ਉਚੀ ਕਰਨੀ ਚਾਹੀਦੀ ਹੈ ਨਾ ਕਿ ਜਨਤਾਂ ਦੇ ਦਬਾਅ ਹੇਠ ਆ ਕੇ ਬਾਦ ਵਿਚ ਨਿਰਣੇ ਵਾਪਸ ਲੈਣ ।

ਅਖਬਾਰੀ ਬਰਾਦਰੀ ਦਾ ਵੀ ਫਰਜ਼ ਹੈ ਕਿ ਉਹ ਆਪਣੇ ਕਰਤੱਵ ਨੂੰ ਪਛਾਨਣ । ਇਹ ਕੋਈ ਲੁਕੀ ਛਿੱਪੀ ਗੱਲ ਨਹੀਂ ਕਿ ਅਖਬਾਰੀ ਬਰਾਦਰੀ ਵਿਚ ਐਸਾ ਕਾਫੀ ਅਨਸਰ ਮੌਜੂਦ ਹੈ ਜੋ ਲਾਭ ਦੀ ਖਾਤਰ ਕੁਝ ਵੀ ਲਿਖਣ ਜਾਂ ਤਰੋੜ ਮਰੋੜ ਕਰਨ ਨੂੰ ਤਿਆਰ ਹੈ । ਕੁਝ ਸਮੇਂ ਵਾਸਤੇ ਤਾਂ ਕੋਈ ਗਲ ਚਲ ਨਿਕਲਦੀ ਹੈ ਪਰ ਅੰਤ ਤੇ ਲੋਕਾਂ ਦੀ ਸੋਚ ਬਲਵਾਨ ਨਿਕਲਦੀ ਹੈ । ਇਸ ਦੀਆਂ ਕਈ ਮਿਸਾਲਾਂ ਹਨ ਜਦੋਂ ਅਖਬਾਰਾਂ ਦੀਆਂ ਕਹੀਆਂ ਗਲਾਂ ਗਲਤ ਸਾਬਤ ਹੋਈਆਂ ਹਨ । ਅਸਲ ਗਲ ਮਾਧਿਅਮ ਦੀ ਨਹੀਂ ਗਲ ਤਾਂ ਕਰਨ ਵਾਲੇ ਦੀ ਈਮਾਨਦਾਰੀ ਅਤੇ ਸਚਾਈ ਦੀ ਹੈ ਅਤੇ ਅੰਤ ਨੂੰ ਜਿਤ ਸਚਾਈ ਦੀ ਅਵਸ਼ ਹੁੰਦੀ ਹੈ ।

—ਜਗਦੀਸ਼ ਸਿੰਘ






## ਅੰਦਰ ਦੀ ਝਾਤ


—ਮਾਨ ਹਾਨੀ ਬਿਲ : ਸੰਪਾਦਕੀ ... ... ੧
—ਗਵਾਂਢੀ ਦੇਸ਼ਾਂ ਵਿਚ ਉਥਲ-ਪਥਲ : ਸਤਨਾਮ ਚਾਣਾ ੩
—ਗ਼ਜ਼ਲ : ਆਰਿਫ ਗੋਬਿੰਦਪੁਰੀ ... ... ੫
—ਯੁਗ ਪੁਰਸ਼ ਸਤਿਗੁਰੂ ਹਰੀ ਸਿੰਘ ਜੀ ਦਵਿੰਦਰ ਸਿੰਘ ਗਿਲ ... ... ੬
—ਸਤਿਗੁਰੂ ਹਰੀ ਸਿੰਘ (ਰੁਬਾਈਆਂ) ਪ੍ਰੀਤਮ ਸਿੰਘ ਕਵੀ ... ... ੮
—ਰੇਡੀਓ ਦਾ ਜਨਮ ਦਾਤਾ ਮਾਰਕੋਨੀ ... ... ੯
—ਮਾਸਕੋ : ਅਮਨ ਦੀ ਧੁਨ (ਯਾਤਰਾ ਲੇਖ)—ਜਗਦੀਸ਼ ਸਿੰਘ ... ... ੧੪
—ਰਸੂਲ ਹਮਜ਼ਾਤੋਵ ਦੇ ਕਥਨ ... ... ੨੧
—ਪ੍ਰਤੀਕ੍ਰਿਆ ... ... ... ੨੪



ਵਰਿਆਮ ਵਿਚ ਛੱਪੇ ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਦਫਤਰ ਦਾ ਪਤਾ : | Office Address
ਮਾਸਕ ਵਰਿਆਮ | Monthly WARIAM
ਲਾਡੋਵਾਲੀ ਰੋਡ | (Punjabi)
(ਨੇੜੇ ਮਦਨ ਫਲੌਰ ਮਿਲ) | Ladowali Road
ਜਲੰਧਰ-੧੪੪੦੦੧ | (Near Madan Flour Mill
ਫੋਨ : ੭੧੨੦੪ ਪੀ. ਪੀ. | Jalandhar-144001
ਫੋਨ : ੭੭੩੫੬ ਪੀ.ਪੀ. | Phone : 77356 PP, 71204 PP


## ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੩.੦੦ ਰੁਪਏ |
| ਸਾਲਾਨਾ ਚੰਦਾ | | ੩੦.੦੦ ,, |
| ਤਿੰਨ ਸਾਲ ਵਾਸਤੇ | | ੮੦.੦੦ ,, |
| ਚਾਰ ,, ,, | | ੧੦੦.੦੦ ,, |
| ਪੰਜ ,, ,, | | ੧੨੫.੦੦ ,, |
| ਉਮਰ ਭਰ ਵਾਸਤੇ | | ੩੦੦.੦੦ ,, |
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੮੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦.੦੦ ,, |
| | ਸਮੁੰਦਰੀ | ੮੦-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੮੦-੦੦ ,, |




Sri Satguru Jagjit Singh Ji eLibrary NamdhariElibrary@gmail.com

# ਗਵਾਂਢੀ ਦੇਸ਼ਾਂ ਵਿਚ ਉਥਲ ਪੁਥਲ

—ਸਤਨਾਮ ਚਾਨਾ—

ਭਾਰਤ ਦੇ ਗੁਆਂਢੀ ਦੇਸ਼ਾਂ ਅੰਦਰ ਰਾਜਸੀ ਉਥਲ-ਪੁਥਲ ਹੋ ਰਹੀ ਹੈ ਪਾਕਿਸਤਾਨ ਅਤੇ ਬੰਗਲਾ ਦੇਸ਼ ਦੇ ਲੋਕ ਡਿਕਟੇਟਰਸ਼ਿਪ ਦੇ ਵਿਰੁਧ ਜਮਹੂਰੀਅਤ ਦੀ ਬਹਾਲੀ ਲਈ ਲੜ ਰਹੇ ਹਨ। ਬਰਮਾ ਦੇ ਅੰਦੋਲਨਕਾਰੀ ਬਰਮੀ ਕਿਸਮ ਦੇ ਸਮਾਜਵਾਦ ਵਿਰੁਧ ਜਮਹੂਰੀਅਤ ਲਈ ਲੜ ਰਹੇ ਹਨ। ਸ੍ਰੀਲੰਕਾ ਤਾਮਿਲ ਗੁਰੀਲਿਆਂ ਦੇ ਅੱਤਵਾਦ ਦਾ ਸਾਹਮਣਾ ਕਰ ਰਿਹਾ ਹੈ। (ਜੋ ਇਸ ਲੇਖ ਦੇ ਵਿਸ਼ੇ ਵਿਚ ਸ਼ਾਮਲ ਨਹੀਂ) ਬਿਨਾ ਸ਼ੱਕ ਤੀਜੇ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਦੇ ਲੋਕ ਡਿਕਟੇਟਰਸ਼ਿਪ ਵਰਗੇ ਰਾਜਸੀ ਪ੍ਰਬੰਧ ਵਿਰੁਧ ਜਮਹੂਰੀਅਤ ਦੀ ਬਹਾਲੀ ਲਈ ਲੜ ਰਹੇ ਹਨ ਅਤੇ ਇਕ ਇਕ ਕਰਕੇ ਡਿਕਟੇਟਰਸ਼ਿਪ ਟੁੱਟ ਰਹੀ ਹੈ ਅਤੇ ਦੇਸ਼ ਜਮਹੂਰੀਅਤ ਦੇ ਦੌਰ ਵਿਚ ਦਾਖਲ ਹੋ ਰਹੇ ਹਨ। ਪ੍ਰੰਤੂ ਇਹ ਜਮਹੂਰੀਅਤ ਵਖਰੇ ਵਖਰੇ ਰਾਜਸੀ ਪ੍ਰਬੰਧਾਂ ਵਿਚ ਵਖਰਾ ਵਖਰਾ ਅਰਥ ਰਖਦੀ ਹੈ।

ਪਾਕਿਸਤਾਨ ਅੰਦਰ ਮੂਵਮੈਂਟ ਫਾਰ ਰਿਸਟੋਰੇਸ਼ਨ ਆਫ ਡੈਮੋਕਰੇਸੀ (ਐਮ ਆਰ ਡੀ) ਨੇ ਪਿਛਲੇ ਕਈ ਸਾਲਾਂ ਤੋਂ ਜਨਰਲ ਜ਼ਿਆ ਦੀ ਫੌਜੀ ਡਿਕਟੇਟਰਸ਼ਿਪ ਦੇ ਵਿਰੁਧ ਜਨਤਕ ਘੋਲ ਸ਼ੁਰੂ ਕੀਤਾ ਹੋਇਆ ਹੈ ਜਿਸ ਉਤੇ ਫੌਜੀ ਡਿਕਟੇਟਰਸ਼ਿਪ ਨੇ ਭਾਰੀ ਤਸ਼ੱਦਦ ਕੀਤਾ ਹੈ। ਤਾਂ ਵੀ ਪਾਕਿਸਤਾਨ ਅੰਦਰ ਜਮਹੂਰੀਅਤ ਦੀ ਮੰਗ ਏਨੀ ਪਰਬਲ ਸੀ ਕਿ ਇਸ ਨੇ ਜ਼ਿਆ ਨੂੰ ਮਜ਼ਬੂਰ ਕਰ ਦਿਤਾ ਕਿ ਉਹ ਅੱਖਾਂ ਪੂੰਝਣ ਲਈ ਇਕ ਚੁਣੀ ਸਰਕਾਰ ਦੀ ਸਥਾਪਨਾ ਕਰੇ ਜਿਹੜੀ ਭਾਵੇਂ ਫੌਜ ਦੀ ਕਠਪੁਤਲੀ ਹੋਵੇ। ਅਜੇਹੀ ਚੁਣੀ ਹੋਈ ਕਠਪੁਤਲੀ ਜੁਨੇਜੋ ਸਰਕਾਰ ਵੀ ਜਨਰਲ ਜ਼ਿਆ ਤੋਂ ਸਹਿਣ ਨਹੀਂ ਸੀ ਹੋਈ। ਜਨਰਲ ਜ਼ਿਆ ਆਪਣੇ ਹੀ ਰਚੇ ਇਸ ਨਾਟਕ ਦੇ ਪਾਤਰਾਂ ਤੋਂ ਭੈਅ ਖਾਣ ਲਗ ਪਿਆ ਸੀ ਤੇ ਉਸਨੇ ਜਨੇਜੋ ਸਰਕਾਰ ਦਾ ਕਾਰਟੂਨ ਪਾੜਕੇ ਰੱਦੀ ਦੀ ਟੋਕਰੀ ਵਿਚ ਸੁੱਟ ਦਿਤਾ।

ਹੁਣ ਜਨਰਲ ਜ਼ਿਆ ਭਿਆਨਕ ਹਵਾਈ ਹਾਦਸੇ ਵਿਚ ਮਾਰਿਆ ਗਿਆ ਹੈ। ਬੜੇ ਹੀ ਅੰਦਾਜ਼ੇ ਲਾਏ ਗਏ ਕਿ ਹੁਣ ਪਾਕਿਸਤਾਨ ਕਿਸ ਦਿਸ਼ਾ ਵਿਚ ਜਾਵੇਗਾ। ਜਨਰਲ ਜ਼ਿਆ ਦੇ ਮਰਨ ਉਤੇ ਬੇਨਜ਼ੀਰ ਭੁਟੋ ਨੇ ਖੁਲ੍ਹੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਸ ਨੇ ਆਪਣੀ ਪਾਰਟੀ ਦਾ ਰਵਾਇਤੀ ਤੌਰ ਤੇ ਸੋਗੀ ਮਤਾ ਵੀ ਪਾਸ ਨਹੀਂ ਹੋਣ ਦਿਤਾ ਅਤੇ ਦੂਜੇ ਪਾਸੇ ਇਸਹਾਕ ਖਾਨ ਅਤੇ ਜਨਰਲ ਬੇਗ ਪ੍ਰਤੀ ਨਰਮ ਬਿਆਨਾਂ ਤੋਂ ਕੰਮ ਲਿਆ। ਦੂਜੇ ਪਾਸੇ ਇਸਹਾਕ ਖਾਨ ਅਤੇ ਬੇਗ ਦੇ ਬਿਆਨਾਂ ਤੋਂ ਵੀ ਇਹੀ ਪ੍ਰਭਾਵ ਪੈਂਦਾ ਸੀ ਕਿ ਪਾਕਿਸਤਾਨੀ ਫੌਜ ਹੁਣ ਰਾਜਸੀ ਕੰਮਾਂ ਵਿਚ ਸਰਗਰਮ ਹਿੱਸਾ ਨਹੀਂ ਲਵੇਗੀ। ਅਤੇ ਰਾਜ ਭਾਗ ਰਾਜਸੀ ਆਗੂਆਂ ਨੂੰ ਸੌਂਪ ਦਿਤਾ ਜਾਵੇਗਾ। ਸ਼ਾਇਦ ਏਸੇ ਕਰਕੇ ਹੀ ਬੇਨਜ਼ੀਰ ਨੇ ਪਾਕਿਸਤਾਨੀ ਡਰਾਮੇ ਦੇ ਗੈਸਟ ਆਰਟਿਸਟ ਅਮਰੀਕਾ ਪ੍ਰਤੀ ਵੀ ਲਗਪਗ ਚੁਪ ਸਾਧੀ ਰਖਣ ਨੂੰ ਪਹਿਲ ਦਿਤੀ।

ਅਜੇ ਜਨਰਲ ਜ਼ਿਆ ਦੀ ਰਾਖ ਵੀ ਸਾਂਭੀ ਨਹੀਂ ਗਈ ਕਿ ਇਸਹਾਕ ਖਾਨ ਦੀ ਸਰਕਾਰ ਅਤੇ ਐਮ ਆਰ ਡੀ ਦੀ ਆਗੂ ਬੇਨਜ਼ੀਰ ਦੀਆਂ ਪੁਜ਼ੀਸ਼ਨਾਂ ਪਹਿਲਾਂ ਵਾਲੀ ਥਾਂ ਤੇ ਹੀ ਪਹੁੰਚ ਗਈਆਂ ਲਗਦੀਆਂ ਹਨ। ਇਸਹਾਕ ਖਾਨ ਵਲੋਂ ਚੁਕੇ ਗਏ ਕਦਮ ਅਤੇ ਕੀਤੀਆਂ ਤਬਦੀਲੀਆਂ ਰਲਵੀਆਂ ਮਿਲਵੀਆਂ ਹਨ। ਭਾਵੇਂ ਕਿ ਇਸਹਾਕ ਖਾਨ ਨੇ ਜ਼ਿਆ ਵਲੋਂ ਸਜ਼ਾ ਯਾਫਤਾ ਭੁਟੋ ਦੇ ਹਮਾਇਤੀਆਂ ਦੀ ਸਜ਼ਾ ਮੁਆਫ ਕਰ ਦਿਤੀ ਹੈ ਪ੍ਰੰਤੂ ਸਿੰਧ ਵਿਚ ਕੀਤੀ ਤਬਦੀਲੀ ਜ਼ਿਆ ਦੀਆਂ ਨੀਤੀਆਂ ਦਾ ਹੀ ਅਮਲ ਹੈ।

ਲਗਦਾ ਹੈ ਕਿ ਇਸਹਾਕ ਖਾਨ ਲਈ ਜ਼ਿਆ ਦੀਆਂ ਨੀਤੀਆਂ ਦੇ ਚੁੰਗਲ ਵਿਚੋਂ ਨਿਕਲਣਾ ਬੜਾ ਔਖਾ ਹੈ। ਕਿਉਂਕਿ ਜ਼ਿਆ ਜ਼ਮਾਨੇ ਵਿਚ ਫੌਜੀ ਡਿਕਟੇਟਰਸ਼ਿਪ ਤੋਂ ਲਾਭ ਉਠਾਉਣ ਵਾਲਾ ਜਿਹੜਾ ਨਵਾਂ ਤਬਕਾ ਪੈਦਾ ਹੋਇਆ ਹੈ ਉਨ੍ਹਾਂ ਦੇ ਹਿੱਤ ਕਦੇ ਵੀ ਜਮਹੂਰੀਅਤ ਨੂੰ ਅਸਾਨੀ ਨਾਲ ਬਹਾਲ ਨਹੀਂ ਹੋਣ ਦੇਣਗੇ। ਅਤੇ ਉਹ ਫੌਜੀ ਅਫਸਰ ਜਿਹੜੇ ਜ਼ੁਲਫਕਾਰ ਅਲੀ ਭੁਟੋ ਨੂੰ 'ਕਾਨੂੰਨੀ ਫਾਂਸੀ' ਦੇਣ ਦੇ ਜ਼ਿਮੇਵਾਰ ਹਨ ਉਹ ਬੇਨਜ਼ੀਰ ਦੀ ਪਾਰਟੀ ਨੂੰ ਰਾਜ ਭਾਗ ਵਿਚ ਕਿਸ ਤਰ੍ਹਾਂ ਆਉਣ ਦੇਣਗੇ।

ਜਿਸ ਭੇਦ ਭਰੇ ਢੰਗ ਨਾਲ ਜ਼ਿਆ ਦੀ ਮੌਤ ਹੋਈ ਹੈ ਜਿਸ ਤਰ੍ਹਾਂ ਸਾਬੋਤਾਜ ਤੋਂ ਖਿਸਕ ਖਿਸਕ ਕੇ ਧਮਾਕਾ, ਜਹਾਜ਼ ਦੇ ਤਕਨੀਕੀ ਨੁਕਸ ਦੇ ਸਿਰ ਲਾਇਆ ਗਿਆ ਹੈ ਉਸ ਤੋਂ ਲਗਦਾ ਹੈ ਕਿ ਅਮਰੀਕਾ ਆਪ ਪਾਕਿਸਤਾਨ ਦੀ ਲੀਡਰਸ਼ਿਪ ਵਿਚ ਤਬਦੀਲੀ ਚਾਹੁੰਦਾ ਸੀ। ਪ੍ਰੰਤੂ ਬੇਨਜ਼ੀਰ ਦੀ ਅਮਰੀਕਾ ਪ੍ਰਤੀ ਮੋਮੋਠਗਣੀ ਚੁੱਪ ਉਸ ਨੂੰ ਅਮਰੀਕਾ ਦੀਆਂ ਨਜ਼ਰਾਂ ਵਿਚ ਪ੍ਰਵਾਨ ਨਹੀਂ ਚੜ੍ਹਾਅ ਸਕਦੀ। ਇਹ ਇਕ ਬਚਗਾਨਾ ਰਾਜਸੀ ਪੈਂਤੜਾ ਸਾਬਤ ਹੋਵੇਗੀ। ਪਾਕਿਸਤਾਨ ਵਿਚ ਅਸਲ ਜਮਹੂਰੀਅਤ ਜਮਹੂਰੀ ਤਾਕਤਾਂ ਦੀ ਡਿਕਟੇਟਰਸ਼ਿਪ ਉਤੇ ਸਿੱਧੀ ਟੱਕਰ ਨਾਲ ਹੋਈ ਜਿੱਤ ਨਾਲ ਹੀ ਹੋ ਸਕਦੀ ਹੈ।

ਭਾਰਤ ਦੇ ਦੂਜੇ ਪਾਸੇ ਬੰਗਲਾ ਦੇਸ਼ ਹੈ। ਜਿਥੇ ਡਿਕਟੇਟਰਸ਼ਿਪ ਅਤੇ ਜਮਹੂਰੀਅਤ ਵਿਚਕਾਰ ਨਿਰੰਤਰ ਲੜਾਈ ਰਹੀ ਹੈ ਅਤੇ ਪਿਛਲੇ ਕੁਝ ਕੁ ਸਾਲਾਂ ਤੋਂ ਜਮਹੂਰੀਅਤ ਦੀ ਲੜਾਈ ਬੜੀ ਜ਼ੋਰਾਂ ਤੇ ਹੈ। ਜਨਰਲ ਇਰਸ਼ਾਦ ਵਿਰੁਧ ਸਾਰੇ ਦੇਸ਼ ਅੰਦਰ ਜਨਤਕ ਉਭਾਰ ਪੈਦਾ ਹੋ ਗਿਆ ਹੈ ਜੋ ਬੰਗਲਾ ਦੇਸ਼ ਅੰਦਰ ਚੁਣੀ ਹੋਈ ਸਰਕਾਰ ਸਥਾਪਤ ਕਰਨ ਲਈ ਲੜ



Sri Satguru Jagjit Singh Ji eLibrary NamdhariElibrary@gmail.com

ਰਿਹਾ ਹੈ । ਜਮਹੂਰੀਅਤ ਦੀ ਇਸ ਲੜਾਈ ਨੂੰ ਬੰਗਲਾਦੇਸ਼ ਅੰਦਰ ਆਏ ਵਰਤਮਾਨ ਹੜ੍ਹਾਂ ਨੇ ਮੱਠਾ ਜ਼ਰੂਰ ਕੀਤਾ ਹੈ ਪ੍ਰੰਤੂ ਇਸ ਦੇ ਖਾਸੇ ਵਿਚ ਕੋਈ ਅੰਤਰ ਨਹੀਂ ਆਇਆ। ਬੰਗਲਾ ਦੇਸ਼ ਦੇ ਲੋਕਾਂ ਦੀ ਆਗੂ ਹਸੀਨਾ ਬੇਗਮ, ਹੋ ਸਕਦਾ ਹੈ, ਬੰਗਲਾ ਦੇਸ਼ ਦੀ ਕੁਰੀ ਐਕੁਈਨੋ ਬਣ ਸਕੇ ।

ਪ੍ਰੰਤੂ ਬਰਮਾ ਦੇ ਅੰਦੋਲਨਕਾਰੀਆਂ ਦੀ ਲੜਾਈ ਦੇ ਜਮਹੂਰੀਅਤ ਦੇ ਨਾਹਰੇ ਨੂੰ ਪਾਕਿਸਤਾਨ ਅਤੇ ਬੰਗਲਾ ਦੇਸ਼ ਦੇ ਲੋਕਾਂ ਦੀ ਲੜਾਈ ਨਾਲ ਨਹੀਂ ਤੁਲਨਾ ਦਿਤੀ ਜਾ ਸਕਦੀ। ੧੯੬੨ ਵਿਚ ਨੀਵਿਨ ਨੇ ਫੌਜੀ ਰਾਜਪਲਟਾ ਕਰਕੇ ਜਦੋਂ ਊ ਨੂ ਦੀ ਚੁਣੀ ਹੋਈ ਸਰਕਾਰ ਨੂੰ ਉਲੱਦ ਦਿਤਾ ਸੀ ਤਾਂ ਬਿਨਾ ਸ਼ੱਕ, ਉਸ ਨੇ ਸਾਰੇ ਜਮਹੂਰੀ ਅਦਾਰੇ ਤੋੜ ਦਿਤੇ ਸਨ ਅਤੇ ਇਨਕਲਾਬੀ ਕੌਂਸਲ ਦੀ ਸਥਾਪਨਾ ਕੀਤੀ ਸੀ। ਉਸ ਨੇ ਇਕ ਪਾਰਟੀ ਵਰਗੀ ਸੋਸ਼ਲਿਸਟ ਪ੍ਰੋਗਰਾਮ ਪਾਰਟੀ ਦੀ ਡਿਕਟੇਟਰਸ਼ਿਪ ਬਹਾਲ ਕੀਤੀ ਸੀ ਜੋ ੨੬ ਸਾਲ ਲਗਾਤਾਰ ਜਾਰੀ ਰਹੀ ।

ਇਨ੍ਹਾਂ ਸਾਰੇ ਸਾਲਾਂ ਦੌਰਾਨ ਬੀ ਐਸ ਪੀ ਪੀ ਨੇ ਉਤਪਾਦਨ ਦੇ ਮੁਖ ਖੇਤਰਾਂ ਦਾ ਕੌਮੀਕਰਨ ਕੀਤਾ। ਅਨੇਕਾਂ ਸਮਾਜੀ ਸੁਧਾਰ ਕੀਤੇ ਸਨ। ਵਿਦੇਸ਼ੀ ਲੁਟ ਨੂੰ ਨੱਥ ਪਾਈ ਸੀ। ਪ੍ਰੰਤੂ ਇਨ੍ਹਾਂ ਸਾਰੇ ਸੁਧਾਰਾਂ ਦੇ ਕਰਨ ਤੇ ਵੀ ਦੇਸ਼ ਦੀ ਆਰਥਕ ਦਸ਼ਾ ਮੰਦੀ ਹੁੰਦੀ ਗਈ ਅਤੇ ਅਮੀਰ ਖਜ਼ਾਨਿਆਂ ਵਾਲਾ ਮੁਲਕ ਅਤਿ ਗਰੀਬ ਦੇਸ਼ਾਂ ਦੀ ਪਾਲ ਵਿਚ ਜਾ ਖਲੋਇਆ। ਦੇਸ਼ ਵਿਚ ਕੁਰੱਪਸ਼ਨ ਚੋਰਬਜ਼ਾਰੀ ਅਤੇ ਸਮਗ-ਲਿੰਗ ਸਿਖਰਾਂ ਤੇ ਪਹੁੰਚ ਗਈ ।

ਬਰਮਾਂ ਦੇ ਲੋਕਾਂ ਦੀ ਜਮਹੂਰੀਅਤ ਲਈ ਲੜਾਈ ਉਨੀ ਹੀ ਪੁਰਾਣੀ ਹੈ ਜਿੰਨੀ ਬੀ ਐਸ ਪੀ ਪੀ ਦੀ ਸਰਕਾਰ। ੧੯੬੨ ਵਿਚ ਹੀ ਬਰਮਾ ਦੇ ਵਿਦਿਆਰਥੀਆਂ ਨੇ ਨੀਵਿਨ ਵਿਰੁਧ ਹੜਤਾਲਾਂ ਕੀਤੀਆਂ ਸਨ ਜਿਸ ਦੇ ਨਤੀਜੇ ਵਜੋਂ ਸਰਕਾਰ ਦੇ ਸੁਰਖਿਆ ਏਜੰਟਾਂ ਨੇ ਰੰਗੂਨ ਯੂਨੀਵਰਸਟੀ ਸਟੂਡੈਂਟਸ ਯੂਨੀਅਨ ਦੀ ਇਮਾਰਤ ਉਡਾਕੇ ੨੨ ਵਿਦਿ-ਆਰਥੀ ਮਾਰ ਦਿਤੇ ਸਨ। ੭੦ਵਿਆਂ ਦੇ ਪਹਿਲੇ ਅੱਧ ਵਿਚ ਅੰਦੋਲਨ ਏਨਾ ਤੇਜ਼ ਹੋ ਗਿਆ ਸੀ ਕਿ ਨੀਵਿਨ ਨੂੰ ਰਾਸ਼ਟਰਪਤੀ ਪਦ ਤੋਂ ਅਸਤੀਫਾ ਦੇਣਾ ਪਿਆ ਸੀ। ਇਨ੍ਹਾਂ ਹੜਤਾਲਾਂ ਦੇ ਪਿਛੇ ਮੁਖ ਸ਼ਕਤੀ ਬਰਮਾ ਦੀ ਕਮਿਊਨਿਸਟ ਪਾਰਟੀ ਸੀ ਜਿਹੜੀ ਮਾਊਵਾਦ ਦੀ ਪੈਰੋਕਾਰ ਸੀ। ਕਮਿਊਨਿਸਟ ਪਾਰਟੀ ਨੇ ਇਸ ਦੌਰ ਵਿਚ "ਦੀ ਵਾਈਟ ਫਲੈਗ" ਨਾ ਹੇਠ ਗੁਰੀਲਾ ਲੜਾਈ ਵੀ ਕੀਤੀ।

ਪਿਛਲੇ ਸਾਲ ਜਦੋਂ ਜੁਲਾਈ ਵਿਚ ਸਰਕਾਰ ਦਾ ਮੁਖੀ ਸੀਨ ਲਵਿਨ ਨੂੰ ਬਣਾ ਦਿਤਾ ਗਿਆ ਤਾਂ ਉਸ ਨੇ ਸਾਰੇ ਸੰਕਟ ਦਾ ਹੱਲ ਤਸ਼ੱਦਦ ਵਿਚੋਂ ਲਭਣ ਦੀ ਕੋਸ਼ਿਸ਼ ਕੀਤੀ। ਤਿੰਨ ਹਫਤਿਆਂ ਵਿਚ ਤਿੰਨ ਹਜ਼ਾਰ ਲੋਕਾਂ ਦਾ ਕਤਲ ਕਰ ਦਿਤਾ ਗਿਆ। ਏਸੇ ਕਰਕੇ ਸੀਨਲਵਿਨ ਦਾ ਰਾਜ ਤਿੰਨ ਹਫਤੇ ਤੋਂ ਵਧ ਨਾ ਚਲ ਸਕਿਆ।ਨੀਵਿਨ ਅਤੇ ਸੀਨਲਵਿਨ ਸਰਕਾਰ ਮੌਂਗ ਮੋਮ ਖਾ, ਜਿਹੜਾ ਪਹਿਲਾ ਪ੍ਰਧਾਨ ਮੰਤਰੀ ਸੀ, ਨੂੰ ਸੌਂਪ ਕੇ ਅਲੋਪ ਹੋ ਗਏ। ਮੌਂਗ ਮੌਂਗ ਖਾ, ਜਿਹੜਾ ਕਿ ਪਛਮ ਦਾ ਪੜ੍ਹਿਆ ਵਕੀਲ ਹੈ, ਨੇ ਅੰਦੋਲਨਕਾਰੀਆਂ ਦੀ ਮੰਗ ਨੂੰ ਜਾਇਜ਼ ਠਹਿਰਾਉਂਦਿਆ ਤਿੰਨ ਮਹੀਨੇ ਦੇ ਅੰਦਰ ਅੰਦਰ ਚੋਣਾਂ ਕਰਾਉਣ ਦਾ ਐਲਾਨ ਕੀਤਾ ਅਤੇ ਚੋਣ ਕਮਿਸ਼ਨ ਵੀ ਸਥਾਪਤ ਕਰ ਦਿਤਾ। ਪ੍ਰੰਤੂ ਅੰਦੋਲਨਕਾਰੀ, ਜੋ ਮੁਖ ਤੌਰ ਤੇ ਵਿਦਿਆਰਥੀ ਅਤੇ ਬੋਧੀ ਸਾਧੂ ਹਨ, ਇਕ ਦਿਨ ਵੀ ਬੀ ਐਸ ਪੀ ਪੀ ਨੂੰ ਰਾਜ ਵਿਚ ਨਹੀਂ ਦੇਖਣਾ ਚਾਹੀਦੇ ਸਨ।ਇਹ ਸਤਰਾਂ ਲਿਖਣ ਸਮੇਂ ਬਰਮਾ ਦੀਆਂ ਹਾਲਤਾਂ ਨੇ ਨਵਾਂ ਮੋੜ ਲੈ ਲਿਆ ਹੈ। ਬਰਮਾ ਦੀ ਫੋਜ ਨੇ ਮੌਂਗ ਮੌਂਗ ਦਾ "ਰਾਜ ਉਲਟਾਕੇ" ਗੱਦੀ ਸਾਂਭ ਲਈ ਹੈ। ਫੌਜਾਂ ਦਾ ਕਮਾਂਡਰ ਸ: ਮੌਂਗ ਲੀਨ ਸਵਿਨ ਦਾ ਹੀ ਪੈਰੋਕਾਰ ਹੈ। ਲਗਦਾ ਹੈ ਕਿ ਉਸ ਨੇ ਮੌਂਗ ਮੌਂਗ ਦੀ ਨਰਮ ਅਤੇ ਸਮਝੌਤਾ ਕਰੂ ਨੀਤੀ ਨੂੰ ਰੱਦ ਕਰਕੇ ਸਖਤੀ ਨਾਲ ਬਰਮਾ ਦੇ ਸੰਕਟ ਦਾ ਹੱਲ ਕੱਢਣ ਦਾ ਫੈਸਲਾ ਕਰ ਲਿਆ ਹੈ। ਉਸਨੇ ਉਨ੍ਹਾਂ ਫੌਜੀਆਂ ਨੂੰ ਵੀ ੨੪ ਘੰਟੇ ਦਾ ਨੋਟਿਸ ਦੇ ਦਿਤਾ ਹੈ ਜਿਹੜੇ ਵਿਰੋਧੀ ਧਿਰ ਦੇ ਮੁਜ਼ਾਹਰਿਆਂ ਵਿਚ ਸ਼ਾਮਲ ਹੋਏ ਸਨ ।

ਬਰਮਾ ਦਾ ਸੰਕਟ ਫੈਸਲਾਕੁਨ ਦੌਰ ਵਿਚ ਹੈ। ਤਾਂ ਵੀ ਵਿਦਿਆਰਥੀਆਂ ਨੇ ਅਜੇ ਤਕ ਕਿਸੇ ਵੀ ਰਾਜਸੀ ਆਗੂ ਨੂੰ ਆਪਣਾ ਆਗੂ ਸਵੀਕਾਰ ਨਹੀਂ ਕੀਤਾ। ਉਸ ਹਾਲਤ ਵਿਚ ਜਦੋਂ ਵਿਰੋਧੀ ਧਿਰ ਜਿੱਤ ਜਾਂਦੀ ਹੈ ਦਾ ਅਜੇ ਤਕ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਕਿ ਨਵੀਂ ਸਰਕਾਰ ਕੀ ਰੁਖ ਅਖਤਿਆਰ ਕਰੇਗੀ। ਬਿਨਾ ਜਮਹੂਰੀਅਤ ਦੇ ਨਾਹਰੇ ਤੋਂ ਕਿਸੇ ਨੇ ਵੀ ਅਜੇ ਤਕ ਆਪਣੀਆਂ ਦੇਸੀ ਅਤੇ ਵਿਦੇਸ਼ੀ ਨੀਤੀਆਂ ਦਾ ਐਲਾਨ ਨਹੀਂ ਕੀਤਾ ।

---

## ਬਰਮਾ ਦੀ ਪਾਰਟੀ ਦਾ ਨਾਂ ਤਬਦੀਲ

ਬੈਂਕੋਕ—ਬਰਮੀ ਸੋਸ਼ਲਿਸਟ ਪ੍ਰੋਗਰਾਮ ਪਾਰਟੀ ਨੇ ਆਪਣਾ ਨਾਂ ਬਦਲ ਕੇ ਨੈਸ਼ਨਲ ਯੂਨਿਟੀ ਪਾਰਟੀ ਰੱਖ ਲਿਆ ਹੈ ।

(ਏ. ਐਫ. ਪੀ.)



Sri Satguru Jagjit Singh Ji eLibrary NamdhariElibrary@gmail.com

# ਗ਼ਜ਼ਲ

—ਆਰਿਫ਼ ਗੋਬਿੰਦਪੁਰੀ—

ਕਾਸਿਦ ! ਤੂੰ ਮੇਰੀ ਜਾਂ ਨੂੰ ਮੇਰਾ ਸਲਾਮ ਆਖੀਂ।
ਬੇਮਿਹਰ ਮਿਹਰਬਾਂ ਨੂੰ ਮੇਰਾ ਸਲਾਮ ਆਖੀਂ।

ਦਿਲ-ਪਾਕ ਮੋਮਿਨਾਂ ਨੂੰ ਮੇਰਾ ਸਲਾਮ ਆਖੀਂ।
ਮੌਲਾ ਦੇ ਆਸ਼ਿਕਾਂ ਨੂੰ ਮੇਰਾ ਸਲਾਮ ਆਖੀਂ।

ਤਿੜਕੇ ਹੋਏ ਦਿਲਾਂ ਨੂੰ ਮੇਰਾ ਸਲਾਮ ਆਖੀਂ।
ਕਿਸਮਤ ਦੇ ਮਾਰਿਆਂ ਨੂੰ ਮੇਰਾ ਸਲਾਮ ਆਖੀਂ।

ਭੋਲੇ ਤੇ ਦਿਲ ਦੇ ਨਿੱਘੇ ਵਸਦੇ ਨੇ ਲੋਕ ਜਿੱਥੇ,
ਛੰਨਾਂ ਤੇ ਢਾਰਿਆਂ ਨੂੰ ਮੇਰਾ ਸਲਾਮ ਆਖੀਂ।

ਰੁਤਬਾ ਬੁਲੰਦ ਕੀਤਾ ਜਿਹਨਾਂ ਨੇ ਆਸ਼ਿਕੀ ਦਾ
ਬੇਦਾਗ਼ ਆਸ਼ਿਕਾਂ ਨੂੰ ਮੇਰਾ ਸਲਾਮ ਆਖੀਂ।

ਇਹਸਾਨ ਦਿਲਬਰੀ ਦਾ ਮੇਰੇ ਤੇ ਕਰ ਗਏ ਜੋ
ਬਚਪਨ ਦੇ ਦੋਸਤਾਂ ਨੂੰ ਮੇਰਾ ਸਲਾਮ ਆਖੀਂ।

ਦਿਲਬਰ ਦੀ ਯਾਦ ਅੰਦਰ ਰਹੇ ਅਸ਼ਕਬਾਰ ਜਿਹੜੇ
ਫ਼ੁਰਕਤ ਦੇ ਮਾਰਿਆਂ ਨੂੰ ਮੇਰਾ ਸਲਾਮ ਆਖੀਂ।

ਬੇਦਰਦ ਰਹਿਜ਼ਨਾਂ ਤੋਂ ਜਿਹਨਾਂ ਕਾਫਿਲਾ ਬਚਾਇਆ
ਹਮਦਰਦ ਰਹਿਬਰਾਂ ਨੂੰ ਮੇਰਾ ਸਲਾਮ ਆਖੀਂ।

ਰੱਬ ਜਾਣ ਕੇ ਬੁਤਾਂ ਨੂੰ ਕਰਦੇ ਰਹੇ ਜੋ ਪੂਜਾ
ਦਿਲ-ਪਾਕ ਕਾਫਿਰਾਂ ਨੂੰ ਮੇਰਾ ਸਲਾਮ ਆਖੀਂ।

ਕੁਰਬਾਨ ਬਾਦਸ਼ਾਹੀ ਕਰਦੇ ਰਹੇ ਖ਼ੁਦੀ ਤੋਂ
ਐਸੇ ਕਲੰਦਰਾਂ ਨੂੰ ਮੇਰਾ ਸਲਾਮ ਆਖੀਂ।

ਜ਼ਾਲਿਮ ਦੀ ਈਨ ਮੰਨਣੋਂ ਮੁਨਕਿਰ ਰਹੇ ਹਮੇਸ਼ਾ
ਖ਼ੁਦਦਾਰ ਸ਼ਾਇਰਾਂ ਨੂੰ ਮੇਰਾ ਸਲਾਮ ਆਖੀਂ।

ਦਰ ਰਹਿਮਤਾਂ ਦੇ ਖੋਲੇ, ਖੁਲਣਾ ਜਿਨ੍ਹਾਂ ਦਾ "ਆਰਿਫ਼"
ਦਿਲਬਰ ਦੇ ਖ਼ੁਸ਼ਲਬਾਂ ਨੂੰ ਮੇਰਾ ਸਲਾਮ ਆਖੀਂ।



Sri Satguru Jagjit Singh Ji eLibrary NamdhariElibrary@gmail.com

# ਯੁਗ ਪੁਰਸ਼
# ਸਤਿਗੁਰੂ ਹਰੀ ਸਿੰਘ ਜੀ

**—ਦੇਵਿੰਦਰ ਸਿੰਘ ਗਿੱਲ**

ਸਤਿਗੁਰੂ ਹਰੀ ਸਿੰਘ ਜੀ ਦਾ ਜਨਮ ੧੮੭੬ ਬਿਕਰਮੀ ਅਸੂ ਦੇ ਤੀਜੇ ਨਰਾਤੇ ਦਿਨ ਬੁੱਧਵਾਰ ਨੂੰ ਬਾਬਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਦੇ ਘਰ ਪਿੰਡ ਰਾਈਆਂ ਜ਼ਿਲਾ ਲੁਧਿਆਣਾ ਵਿਖੇ ਹੋਇਆ।

ਆਪ ਸਤਿਗੁਰੂ ਰਾਮ ਸਿੰਘ ਜੀ ਤੋਂ ਚਾਰ ਸਾਲ ਛੋਟੇ ਸਨ।

ਸਤਿਗੁਰੂ ਹਰੀ ਸਿੰਘ ਜੀ, ਆਪਣੇ ਸਮੇਂ ਦੇ ਅਦੁਤੀ ਯੁਗ ਪੁਰਸ਼ ਹੋਏ ਹਨ ਜਿਹਨਾਂ ਨੇ ਅਤਿ ਭਿਆਨਕ ਤੇ ਕਠਿਨਾਈਆਂ ਭਰਪੂਰ ਸਮੇਂ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ। ਗੁਰੂ ਰਾਮ ਸਿੰਘ ਦੀ ਚਲਾਈ ਹੋਈ ਨਾਮਧਾਰੀ ਲਹਿਰ, ਚਰਮ ਸੀਮਾਂ ਤੇ ਪਹੁੰਚ ਚੁਕੀ ਸੀ। ਉਹਨਾਂ ਦੁਆਰਾ ਅੰਗਰੇਜ਼ ਸਰਕਾਰ ਵਿਰੁਧ ਨਾਮਿਲਵਰਤਨ ਅੰਦੋਲਨ ਚਲਾਇਆ ਹੋਇਆ ਪ੍ਰਗਤੀ ਦੀ ਟੀਸੀ ਛੋਹ ਰਿਹਾ ਸੀ। ਕੁਝ ਇਸ ਤਰ੍ਹਾਂ ਭਾਸ ਰਿਹਾ ਸੀ ਕਿ ਸਤਿਗੁਰੂ ਰਾਮ ਸਿੰਘ ਕੁਝ ਸਾਲਾਂ ਵਿਚ ਹੀ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾ ਲੈਣਗੇ।

ਅੰਗਰੇਜ਼ੀ ਹਕੂਮਤ ਸਦਾ ਜਿਸ ਰਿਆਸਤ ਜਾਂ ਇਲਾਕੇ ਤੇ ਕਬਜ਼ਾ ਕਰਦੀ, ਉਥੋਂ ਕੁਝ ਦੇਸੀ ਬੰਦਿਆਂ ਨੂੰ ਲਾਲਚ ਦੇਕੇ ਆਪਣੇ ਮੁਖਬਰ ਬਣਾ ਲੈਂਦੀ ਅਤੇ ਫਿਰ "ਫੁਟ ਪਾਓ ਤੇ ਰਾਜ ਕਰੋ" ਦੀ ਨੀਤੀ ਅਨੁਸਾਰ ਕੌਮਾਂ ਵਿਚ ਫੁਟ ਪਾਕੇ ਆਪਣਾ ਉਲੂ ਸਿਧਾ ਕਰ ਲੈਂਦੀ। ਅੰਗਰੇਜ਼ਾਂ ਨੇ ਹਿੰਦੂ ਤੇ ਮੁਸਲਮਾਨਾਂ ਵਿਚ ਫੁਟ ਪਾਉਣ ਲਈ ਪੰਜਾਬ ਵਿਚ ਮੁਸਲਮਾਨਾਂ ਨੂੰ ਗਊ ਬੱਧ ਕਰਨ ਦੀ ਆਗਿਆ ਦੇ ਦਿੱਤੀ ਅਤੇ ਥਾਂ ਥਾਂ ਬੁਚੜਖਾਨੇ ਖੋਲ੍ਹ ਦਿਤੇ ਅਤੇ ਸ਼ਰੇਆਮ ਗਊ ਦਾ ਮਾਸ, ਬੁਚੜ ਬਜ਼ਾਰਾਂ ਵਿਚ ਵੇਚਿਆ ਕਰਦੇ ਸਨ। ਇਥੇ ਹੀ ਬਸ ਨਹੀਂ ਸਗੋਂ ਸਿੱਖਾਂ ਨੂੰ ਚਿੜਾਉਣ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਬੁਚੜਖਾਨਾ ਖੋਲ੍ਹ ਦਿਤਾ ਤੇ ਫਿਰ ਜਿਥੋਂ ਕਾਂ ਅਤੇ ਹੋਰ ਪੰਛੀ ਉਡਦੇ ਹੋਏ ਮਾਸ ਦੀਆਂ ਬੋਟੀਆਂ ਚੁਕ ਲਿਆਉਂਦੇ ਅਤੇ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਸੁਟ ਜਾਂਦੇ ਜਿਸ ਨਾਲ ਪਵਿੱਤਰ ਸਰੋਵਰ ਵੀ ਗੰਦਾ ਹੋ ਜਾਂਦਾ।

ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਅਤੇ ਹੋਰ ਲੋਕਾਂ ਦੇ ਹੌਸਲੇ ਪਸਤ ਹੋ ਚੁਕੇ ਸਨ ਅਤੇ ਉਹ ਅੰਗਰੇਜ਼ ਹਕੂਮਤ ਦੀ ਹਾਂ ਵਿਚ ਹਾਂ ਮਿਲਾਉਣੀ ਹੀ ਜਾਣਦੇ ਸਨ ਪਰ ਨਾਮਧਾਰੀ ਸਿੱਖ ਗੁਰਦੁਆਰਿਆ ਦੀ ਹੋ ਰਹੀ ਬੇਅਦਬੀ ਨੂੰ ਸਹਿਨ ਨਾ ਕਰ ਸਕੇ ਅਤੇ ਨਤੀਜੇ ਵਜੋਂ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੇ ਸਾਕੇ ਵਾਪਰੇ। ਅੰਗਰੇਜ਼ ਸਰਕਾਰ ਪਹਿਲਾਂ ਹੀ ਅਜਿਹਾ ਚਾਹੁੰਦੀ ਸੀ ਅਤੇ ਉਸਨੇ ਸਮੇਂ ਦੀ ਨਬਜ਼ ਪਛਾਣ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ੧੮ ਜਨਵਰੀ ੧੮੭੨ ਈਸਵੀ ਨੂੰ ਜਲਾਵਤਨ ਕਰ ਦਿਤਾ।

ਸਿੱਖੀ ਦੀ ਗੁਲਜ਼ਾਰ ਤੇ ਮਾਨੋਂ ਗੜੇ ਪੈ ਗਏ। ਨਾਮਧਾਰੀ ਪੰਥ, ਆਗੂਹੀਣ ਹੋ ਗਿਆ ਪ੍ਰਤੀਤ ਹੋਇਆ। ਅੰਗਰੇਜ ਸਰਕਾਰ ਨੇ ਸਮਝਿਆ ਕਿ ਹੁਣ ਇਹ ਨਵਾਂ ਪੰਥ ਖਤਮ ਹੋ ਗਿਆ ਹੈ। ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਦੇ ਛੋਟੇ ਭਾਈ ਬੁਧ ਸਿੰਘ ਜੀ (ਸਤਿਗੁਰੂ ਹਰੀ ਸਿੰਘ ਜੀ) ਦਾ ਬਾਹਰ ਜਾਣਾ ਬੰਦ ਕਰ ਦਿਤਾ। ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਪ੍ਰਵੇਸ਼ ਦੁਆਰ ਅਗੇ ਪੋਲੀਸ ਦੀ ਚੌਕੀ ਬਿਠਾ ਦਿਤੀ ਜੋ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਆਏ ਨਾਮਧਾਰੀਆਂ ਨੂੰ ਰੋਕ ਪਾਉਂਦੀ ਅਤੇ ਉਹਨਾਂ ਨੂੰ ਤੰਗ ਕਰਦੀ। ਉਸ ਸਮੇਂ ਅੰਗਰੇਜ਼ ਸਰਕਾਰ ਦੇ ਚਿੱਤ ਖਿਆਲ ਵਿਚ ਵੀ ਇਹ ਨਹੀਂ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਗੁਪਤ ਤੌਰ ਤੇ ਆਪਣੇ ਭਰਾਤਾ ਬਾਬਾ ਬੁਧ ਸਿੰਘ ਜੀ ਨੂੰ ਪੰਥ ਦੀ ਰਖਵਾਲੀ ਲਈ ਸੌਂਪਣਾਂ ਸੌਂਪ ਚੁਕੇ ਹਨ। ਗੁਰੂ ਬੁਧ ਸਿੰਘ ਜੀ ਹਰ ਸਮੇਂ ਵੀਰ ਦੇ ਵਿਛੋੜੇ ਵਿਚ ਵੈਰਾਗੀ ਹੋਏ ਰਹਿੰਦੇ ਅਤੇ ਉਹਨਾਂ ਦੇ ਨੇਤਰਾਂ 'ਚੋਂ ਹੰਝੂ ਤ੍ਰਿਪ ਤ੍ਰਿਪ ਵਗਦੇ ਰਹਿੰਦੇ।

ਨਾਮਧਾਰੀ ਸਿੱਖ, ਸਤਿਗੁਰਾਂ ਦੇ ਵਿਛੋੜੇ ਵਿਚ ਢਾਹਾਂ ਮਾਰ ਮਾਰ ਰੋਂਦੇ, ਕਈਆਂ ਨੇ ਰੋ ਰੋ ਕੇ ਅੱਖਾਂ ਦੀ ਜੋਤ ਗਵਾ ਲਈ ਅਤੇ ਕਈ ਵਿਛੋੜੇ ਕਾਰਨ ਪਾਗਲ ਹੋ ਗਏ। ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਜਿਥੋਂ ਆਜ਼ਾਦੀ ਸੰਗਰਾਮ ਦੀ ਚੰਗਿਆੜੀ ਭੜਕੀ ਸੀ, ਨੂੰ ਸਰਕਾਰ ਨੇ ਨੇਸਤੋਨਾਬੂਦ ਕਰਨ ਲਈ ਇਕ ਨਾਕਾਮ ਕੋਸ਼ਿਸ਼ ਕੀਤੀ। ਗੁਰਦੁਆਰੇ ਦੀ ਧਰਤੀ ਨੂੰ ਪਾਣੀ ਹਾਂਡੇ ਤੀਕ ਪੁਟਿਆ ਗਿਆ ਕਿਉਂਕਿ ਅੰਗਰੇਜ਼ ਸਰਕਾਰ ਨੂੰ ਸ਼ੱਕ ਸੀ ਕਿ ਅੰਦਰ ਜ਼ਮੀਨ ਵਿਚ ਗੁਰੂ ਰਾਮ ਸਿੰਘ ਜੀ ਨੇ ਮਾਰੂ ਹਥਿਆਰ ਅਤੇ ਕੁਝ ਨਕਦੀ ਤੇ ਜ਼ੇਵਰ ਆਦਿਕ ਦਬਾਏ ਹੋਏ ਹਨ।

ਨਾਮਧਾਰੀ ਸਿੱਖ ਸਦਾ ਗੁਰਾਂ ਦੀ ਭਾਲ ਵਿਚ ਰਹਿੰਦੇ ਸਨ। ਇਕ ਵਾਰ ਬਾਬਾ ਦਰਬਾਰਾ ਸਿੰਘ ਜੀ, ਲੁਧਿਆਣਾ ਪੋਲੀਸ ਦੇ ਸੁਪਰਡੈਂਟ ਮਿਸਟਰ ਬਾਰਬਟਨ ਦੇ ਦਫ਼ਤਰ ਹਾਜ਼ਰੀ ਦੇਣ ਗਏ ਤਾਂ ਬਾਰਬਟਨ ਦੀ ਮੇਮ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਰੰਗੂਨ ਵਿਖੇ ਜਲਾਵਤਨ ਅਸਥਾਨ ਅਤੇ ਉਥੇ ਪਹੁੰਚ ਮਾਰਗ ਬਾਰੇ ਦੱਸ ਦਿਤਾ। ਬਾਬਾ ਦਰਬਾਰਾ ਸਿੰਘ ਜੀ ਨੇ ਇਹ ਖਬਰ ਸ੍ਰੀ ਭੈਣੀ ਸਾਹਿਬ ਆਕੇ ਗੁਰੂ ਬੁਧ ਸਿੰਘ ਜੀ



Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਸਤਿਗੁਰੂ ਹਰੀ ਸਿੰਘ


Sri Satguru Jagjit Singh Ji eLibrary NamdhariElibrary@gmail.com

ਨੂੰ ਸੁਣਾਈ ਅਤੇ ਫਿਰ ਸਲਾਹ ਕਰਕੇ ਬਾਬਾ ਦਰਬਾਰਾ ਸਿੰਘ ਜੀ ਅਨੇਕ ਕਸ਼ਟ ਤੇ ਕਠਿਨਾਈਆਂ ਨੂੰ ਸਹਾਰਦੇ ਹੋਏ ਰੰਗੂਨ ਪਹੁੰਚੇ ਅਤੇ ਸਤਿਗੁਰਾਂ ਦੇ ਦਰਸ਼ਨ ਕੀਤੇ ਅਤੇ ਸਤਿਗੁਰਾਂ ਦਾ ਹੁਕਮਨਾਮਾ ਲਿਆਂਦਾ। ਜਿਸ ਵਿਚ ਲਿਖਿਆ ਸੀ ਕਿ :

"ਬੁਧ ਸਿੰਘ ਜੀ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ। ਇਹ ਸਿੱਖੀ ਹਰੀ ਰਖਣਗੇ ਅੱਜ ਤੋਂ ਇਹਨਾਂ ਨੂੰ ਸਿਰ ਕਰਤਾ ਜਾਨਣਾ। ਇਨ੍ਹਾਂ ਦੇ ਧਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾ, ਮੇਰੇ ਧੱਕੇ ਹੋਏ ਨੂੰ ਇਹ ਬਖਸ਼ ਸਕਣਗੇ।"

ਇਸ ਹੁਕਮਨਾਮੇ ਨਾਲ ਨਾਮਧਾਰੀ ਪੰਥ ਵਿਚ ਜਾਗ੍ਰਤਾ ਆਈ ਪਰ ਅੰਗਰੇਜ਼ ਸਰਕਾਰ ਬੌਖਲਾ ਉਠੀ ਕਿਉਂਕਿ ਸਰਕਾਰ ਦੇ ਚਿਤ ਚੇਤਾ ਵੀ ਨਹੀਂ ਸੀ ਕਿ ਇੰਞ ਵੀ ਬਾਬਾ ਬੁਧ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਦੇ ਨਾਮ ਨਾਲ ਪੰਥ ਦੀ ਅਗਵਾਈ ਕਰਨ ਲਈ ਨਿਯੁਕਤ ਹੋਣਗੇ। ਸਰਕਾਰ ਸਤਿਗੁਰੂ ਹਰੀ ਸਿੰਘ ਜੀ ਨੂੰ ਵੀ ਕਿਸੇ ਤਰ੍ਹਾਂ ਦੋਸ਼ੀ ਦੱਸਕੇ ਕਿਸੇ ਮੁਕਦਮੇ ਵਿਚ ਫਸਾਉਣਾ ਚਾਹੁੰਦੀ ਸੀ ਪਰੰਤੂ ਸ਼ਾਂਤ ਚਿੱਤ ਦਇਆਲੂ ਸੁਭਾਅ, ਮਿੱਠ-ਬੋਲੜੇ ਸਤਿਗੁਰਾਂ ਅਗੇ ਸਰਕਾਰ ਦੀ ਕੋਈ ਪੇਸ਼ ਨਾ ਜਾਂਦੀ। ਸਤਿਗੁਰੂ ਹਰੀ ਸਿੰਘ ਜੀ ਬਹੁਤ ਘਟ ਬੋਲਦੇ ਅਤੇ ਸਦਾ ਵੀਰ ਦੇ ਵਿਛੋੜੇ ਵਿਚ ਵੈਰਾਗੀ ਰਹਿੰਦੇ।

ਇਸ ਪ੍ਰਕਾਰ ਸਤਿਗੁਰੂ ਹਰੀ ਸਿੰਘ ਜੀ ਦੇ ਪ੍ਰਗਟ ਹੋ ਜਾਣ ਨਾਲ ਹੋਰ ਕਈ ਝਮੇਲੇ ਖੜੇ ਹੋ ਗਏ। ਗੁਰੂ ਰਾਮ ਸਿੰਘ ਜੀ ਦੀ ਪੁੱਤਰੀ ਬੀਬੀ ਨੰਦਾ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ ਤਾਹਨੇ ਮਿਹਣੇ ਮਾਰਨੇ ਸ਼ੁਰੂ ਕਰ ਦਿਤੇ ਪਰ ਆਪ ਜੀ ਸ਼ਾਂਤ ਚਿੱਤ ਹੋ ਕੇ ਬਰਦਾਸ਼ਤ ਕਰ ਜਾਂਦੇ।

ਸਤਿਗੁਰੂ ਹਰੀ ਸਿੰਘ ਜੀ ਨੇ ਗੁਰਾਂ ਦੇ ਦਰਸ਼ਨ ਨਮਿਤ ਸ੍ਰੀ ਆਦਿ ਗਰੰਥ ਸਾਹਿਬ ਦੇ ਅਖੰਡ ਪਾਠ ਗੁਪਤ ਤੌਰ ਤੇ ਜਾਰੀ ਕਰਵਾਏ ਕਿਉਂਕਿ ਸਰਕਾਰ ਵਲੋਂ ਮਨਾਹੀ ਸੀ। ਅਖੰਡ ਪਾਠ ਕਰਵਾਉਣ ਦੇ ਦੋਸ਼ ਵਿਚ ਅਨੇਕ ਨਾਮਧਾਰੀ ਸਿੱਖ ਆਪਣੇ ਗੁਰੂ ਜੀ ਦਾ ਹੁਕਮ ਪੂਰੀ ਤਰ੍ਹਾਂ ਮੰਨਦੇ ਰਹੇ।

ਗੁਰੂ ਕੇ ਲੰਗਰ ਨੂੰ ਚਲਦਾ ਰਖਣ ਲਈ ਗੁਰੂ ਹਰੀ ਸਿੰਘ ਜੀ ਨੂੰ ਕਈ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਕਈ ਵਾਰ ਲੰਗਰ ਮਸਤਾਨਾ ਹੋ ਜਾਣ ਤਕ ਵੀ ਨੌਬਤ ਪਹੁੰਚ ਜਾਂਦੀ। ਜੋ ਪੰਜ-ਪੰਜ ਸਿੱਖ ਸਤਿਗੁਰਾਂ ਦੇ ਦਰਸ਼ਨ ਕਰਨ ਆਉਂਦੇ, ਉਹਨਾਂ ਲਈ ਲੰਗਰ ਜਾਰੀ ਰਖਣਾ ਅਤਿ ਜ਼ਰੂਰੀ ਸੀ ਪਰ ਬਾਹਰੋਂ ਰਸਦ ਪੱਠਾ ਕੋਈ ਨਹੀਂ ਆ ਰਿਹਾ ਸੀ। ਅਖੀਰ ਸਤਿਗੁਰਾਂ ਨੇ ਵਾਧੂ ਘੋੜੀਆ, ਮੱਝਾਂ ਅਤੇ ਹੋਰ ਪਸ਼ੂ ਵੇਚ ਕੇ ਲੰਗਰ ਲਈ ਰਸਦ ਦਾ ਇੰਤਜ਼ਾਮ ਕੀਤਾ ਪਰ ਸਮੇਂ ਦੇ ਲੰਘਣ ਨਾਲ ਕੁਝ ਸਖਤੀਆਂ ਦਾ ਦੌਰ ਘਟਿਆ। ਗੁਰੂ ਜੀ ਨੂੰ ਸਾਲ ਵਿਚ ਕੁਝ ਪਰਚਾਰ ਦੌਰੇ ਕਰਨ ਦੀ ਇਜਾਜ਼ਤ ਮਿਲ ਗਈ ਜਿਸ ਕਾਰਨ ਗੁਰੂ ਜੀ ਲੰਗਰ ਲਈ ਲੋੜੀਂਦੀ ਰਸਦ ਤੇ ਮਾਇਆ ਇਕੱਠੀ ਕਰ ਲੈਂਦੇ ਅਤੇ ਫਿਰ ਗੁਰੂ ਜੀ ਦੇ ਹੁਕਮ ਨਾਲ ਛਿਮਾਹੀ ਉਗਰਾਹੀ ਸ਼ੁਰੂ ਕੀਤੀ ਜੋ ਇਹ ਪਰੰਪਰਾ ਅੱਜ ਵੀ ਚਾਲੂ ਹੈ ਜਿਸ ਨਾਲ ਲੰਗਰ ਚਾਲੂ ਰਖਣ ਦੀ ਸਮਸਿਆ ਹਲ ਹੋ ਗਈ।

ਚਾਹੇ ਇਹ ਸਮ੍ਹਾਂ ਘੋਰ ਤਸ਼ਦਦ ਦਾ ਸੀ ਪਰ ਫਿਰ ਵੀ ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਵਾਲੀ ਸਪਿਰਟ ਨੂੰ ਘਟਣ ਨਹੀਂ ਦਿਤਾ। ਆਪ ਜੀ ਪ੍ਰਚਾਰ ਦੌਰਿਆਂ ਸਮੇਂ ਨਾਮਧਾਰੀਆਂ ਨੂੰ ਅੰਗਰੇਜ਼ਾਂ ਦੀ ਨੀਤੀ ਸਮਝਣ ਅਤੇ ਅੰਗਰੇਜ਼ਾਂ ਨੂੰ ਭਾਰਤ 'ਚੋਂ ਕਢਣ ਲਈ ਸਬਕ ਦੇਂਦੇ ਰਹਿੰਦੇ। ਆਪ ਜੀ ਦੇ ਸਮੇਂ ਅਤਿ ਗੁਪਤ ਤਰੀਕੇ ਨਾਲ ਰੂਸ ਦੇ ਹੁਕਮਰਾਨਾਂ ਅਤੇ ਮਹਾਰਾਜਾ ਦਲੀਪ ਸਿੰਘ ਨਾਲ ਪੱਤਰ ਵਿਵਹਾਰ ਕੀਤਾ ਜਾਂਦਾ ਰਿਹਾ ਅਤੇ ਇਹ ਪੱਤਰ ਰੰਗੂਨ ਵਿਚ ਸਤਿਗੁਰੂ ਰਾਮ ਸਿੰਘ ਜੀ ਤਕ ਪਹੁੰਚਾਏ ਜਾਂਦੇ ਰਹੇ। ਗੁਰੂ ਹਰੀ ਸਿੰਘ ਜੀ ਦੀਆਂ ਚਿੱਠੀਆਂ, ਸੂਬਾ ਗੁਰਚਰਨ ਸਿੰਘ ਰੂਸ ਲਿਜਾਂਦਾ ਰਿਹਾ ਅਤੇ ਦੇਸ਼ ਆਜ਼ਾਦ ਕਰਵਾਉਣ ਲਈ ਉਸ ਭਿਆਨਕ ਸਮੇਂ ਵੀ ਸਿਰਤੋੜ ਕੋਸ਼ਿਸ਼ਾਂ ਹੁੰਦੀਆਂ ਰਹੀਆਂ। ਇਸ ਪ੍ਰਕਾਰ ਆਪ ਜੀ ਯਗ ਪੁਰਸ਼ ਹੋ ਨਿਬੜੇ ਅਤੇ ਬੜੀ ਸੁਘੜਤਾ ਨਾਲ ਪੰਥ ਦੀ ਅਗਵਾਈ ਕੀਤੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਮਿਸ਼ਨ ਨੂੰ ਅਗੇ ਤੋਰਿਆ।

ਪਿੰਡ ਜੀਆ ਨੱਥਾ
ਡਾਕਖਾਨਾ ਖੁਡਾ (੧੪੪੩੦੫)
ਜ਼ਿਲਾ ਹੁਸ਼ਿਆਰਪੁਰ

---

## ਸਤਿਗੁਰੂ ਹਰੀ ਸਿੰਘ

ਕੌਣ ਜੋ ਦੀਣ ਦੁਨੀ ਦਾ ਮਾਲਕ ਹੋ ਕੇ ਦੀਨ ਰਹਾਇਆ ?
ਕੌਣ ਜੋ ਸਬਰ ਸਿਦਕ ਦੀਆਂ ਹੱਦਾਂ ਤੋਂ ਵੀ ਪਾਰ ਸਿਧਾਇਆ ?

ਕੌਣ ਜੋ ਪਰ ਸੁਆਰਥ ਲਈ ਨਿਜ ਹਿਤ ਰਖਣਾ ਮੂਲ ਨ ਜਾਣੇ?
ਕੌਣ ਜੋ ਅਜਰ ਜਰਨ ਦੀਆਂ ਸੀਮਾ ਵੀ ਲੰਘ ਅਗੋਂ ਆਇਆ?

ਇਹ ਸੇਵਕ ਗੁਰੂ ਰਾਮ ਸਿੰਘ ਦਾ ਤੇ ਨਿਜ-ਰੂਪ ਭਰਾਤਾ।
ਇਹ ਜਿਸ ਨੇ ਹੈ ਵੀਰ ਅਪਣਾ ਰੱਬ ਤੋਂ ਵੀ ਵੱਧ ਜਾਤਾ।

ਖਿਮਾਂ, ਧੀਰ, ਸਿਦਕਾਂ ਦੀ ਮੂਰਤ ਹਰੀ ਸਿੰਘ ਸਤਿਗੁਰ ਹੈ :
ਕਹਿਰ ਵਿਛੋੜਾ ਜਰਕੇ ਜਿਨੇ, ਉਸਦਾ ਹੁਕਮ ਪਛਾਤਾ।

ਟੁੱਟੀ ਗੰਢਣ ਵਾਲਾ ਸਤਿਗੁਰੂ ਸੁੱਕੀ ਕਰ ਹਰਿਆਲੀ।
ਧਰਤੀ ਦੇ ਜ਼ਰੇ ਚੋਂ ਉਠਕੇ, ਖਿੜਿਆਂ ਫੁਲ ਬਣ ਡਾਲੀ।

ਉਸਦੀ ਯਾਦ ਵਿੱਚ ਜੇ ਬਹਿਕੇ ਦੋ ਘੜੀਆਂ ਜੁੜ ਜਾਓ।
ਨਿਸਚੇ ਹੀ ਪਾਓਗੇ ਮਨ ਵਿੱਚ ਧੀਰਜ ਇਸ ਸੁਖਾਲੀ।

**—ਪ੍ਰੀਤਮ ਸਿੰਘ ਕਵੀ**


Sri Satguru Jagjit Singh Ji eLibrary NamdhariElibrary@gmail.com

# ਰੇਡੀਓ ਦਾ ਜਨਮ ਦਾਤਾ ਮਾਰਕੋਨੀ

ਸੰਸਾਰ ਇਤਿਹਾਸ ਵਿਚ ਹੋਏ ਮਹਾਂਪੁਰਸ਼ਾਂ ਵਿਚ ਕਈ ਪੈਗੰਬਰ, ਕਈ ਸੰਤ, ਭਗਤ ਅਤੇ ਜੋਧੇ, ਕਈ ਬੁਧੀਜੀਵੀ ਚਿੰਤਕ ਲੇਖਕ ਅਤੇ ਗਿਆਨੀ ਪੁਰਸ਼ ਹੋਏ ਹਨ। ਕਈਆ ਨੇ ਸੇਵਾ ਦੇ ਖੇਤਰ ਵਿਚ ਅਤੇ ਕਈਆਂ ਨੇ ਮਨੁੱਖ ਜਾਤੀ ਦੀ ਆਜ਼ਾਦੀ ਦੇ ਸੰਘਰਸ਼ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਇਕ ਦੁਨੀਆ ਹੈ ਵਿਗਿਆਨ ਦੀ, ਸਾਇੰਸ ਦੀ। ਇਹ ਵੀ ਬਹੁਤ ਵਚਿਤਰ ਦੁਨੀਆ ਹੈ। ਕੁਦਰਤ ਦੇ ਅਨੇਕ ਛੁੱਪੇ ਭੇਦਾਂ ਨੂੰ ਪਾ ਕੇ ਨਵੀਆਂ ਕਾਢਾਂ ਕਢਣੀਆਂ ਵਿਗਿਆਨਕਾਂ ਦਾ ਕੰਮ ਰਿਹਾ ਹੈ।

ਸਾਇੰਸ ਦਾ ਗਿਆਨ ਵਿਨਾਸ਼ ਵਾਲੇ ਪਾਸੇ ਵੀ ਵਰਤਿਆ ਗਿਆ ਪਰ ਮਨੁੱਖੀ ਸਮਾਜ ਦੀ ਉੱਨਤੀ ਵਾਸਤੇ ਵੀ। ਪਿਛਲੀਆਂ ਦੋ ਸਦੀਆਂ ਵਿਚ ਤਾਂ ਸਾਇੰਸ ਨੇ ਕੁਦਰਤ ਦੇ ਬੇ-ਪਨਾਹ ਖਜ਼ਾਨੇ ਖੋਲ੍ਹੇ ਹਨ ਅਤੇ ਬਾਕੀ ਸਭ ਖੇਤਰਾਂ ਨੂੰ ਪਿਛੇ ਛੱਡ ਦਿਤਾ। ਨਵੇਂ ਯੁਗ ਦੇ ਮਹਾਂਪੁਰਸ਼ਾਂ ਵਿਚੋਂ ਕਈ ਅਜਿਹੇ ਵਿਗਿਆਨਕ, ਤਕਨੀਸ਼ਨ, ਐਂਜੀਨਅਰ ਹਨ ਜਿਨ੍ਹਾਂ ਨੇ ਉਹ ਕਾਰਨਾਮੇ ਕੀਤੇ ਕਿ ਇਤਿਹਾਸ ਵਿਚ ਅਮਰ ਹੋ ਗਏ। ਇਹਨਾਂ ਵਿਚ ਹੀ ਸਾਡੇ ਲੇਖ ਦਾ ਹੀਰੋ ਮਾਰਕੋਨੀ ਹੈ ਜਿਸਨੂੰ ਜਵਾਨੀ ਵਿਚ ਹੀ ਏਨੀ ਪ੍ਰਸਿੱਧੀ ਮਿਲੀ ਜਿੰਨੀ ਕਈ ਵਡੇ ਰਾਜਨੇਤਾਵਾਂ ਨੂੰ ਵੀ ਨਾ ਮਿਲੀ।

ਪੁਰਾਣੇ ਕਦੀਮੀ ਸਾਹਿਤ ਵਿਚ ਇਕ ਆਕਾਸ਼ਬਾਣੀ ਸ਼ਬਦ ਦਾ ਪ੍ਰਯੋਗ ਹੁੰਦਾ ਹੈ। ਬਹੁਤ ਸਾਰਿਆਂ ਧਰਮਾਂ ਵਿਚ ਆਕਾਸ਼ਬਾਣੀ, ਇਲਹਾਮ ਕਿਸੇ ਨਾ ਕਿਸੇ ਰੂਪ ਵਿਚ ਆਇਆ ਹੈ। ਇਸ ਆਕਾਸ਼ਬਾਣੀ ਦਾ ਤਅਲਕ ਰੂਹਾਨੀਅਤ ਨਾਲ ਸੀ ਪਰ ਉਨੀਵੀਂ ਸਦੀ ਦੇ ਅੰਤ ਤੱਕ ਭੌਤਕ ਆਕਾਸ਼ਬਾਣੀ ਦੇ ਬੀਜ ਬੋਏ ਗਏ ਸਨ। ਬਗੈਰ ਤਾਰ ਬਗੈਰ ਖੰਭੇ ਦੇ ਮਨੁੱਖੀ ਸੰਦੇਸ਼ ਆਵਾਜ਼ ਰਾਹੀਂ ਪਹੁੰਚਾ ਦੇਣਾ ਇਕ ਵੱਡਾ ਇਨਕਲਾਬ ਸੀ। ਬਗੈਰ ਤਾਰ ਦੇ ਆਵਾਜ਼ ਪਹੁੰਚਾਣ ਵਾਲੇ ਯੰਤਰਾਂ ਵਿਚ ਵਾਇਰਲੈਸ ਅਤੇ ਰੇਡੀਓ ਹਨ। ਅਤੇ ਇਹਨਾਂ ਨੂੰ ਏਜਾਦ ਕਰਨ ਦਾ ਸਿਹਰਾ ਇਟਲੀ ਦੇ ਜੰਮੇ ਨੌਜਵਾਨ ਮਾਰਕੋਨੀ ਦੇ ਸਿਰ ਬੱਝਾ। ਭਾਵੇਂ ਰੂਸ ਦਾ ਇਕ ਵਿਗਿਆਨੀ ਅਲੈਗਜ਼ਾਂਦਰ ਪੋਪੋਫ ਵੀ ਇਸ ਕਾਰਜ ਦਾ ਆਪਣੇ ਤੌਰ ਤੇ ਮੋਢੀ ਸੀ ਪਰ ਇਸ ਖੇਤਰ ਵਿਚ ਪ੍ਰਸਿਧੀ ਅਤੇ ਵਪਾਰਕ ਵਿਕਾਸ ਮਾਰਕੋਨੀ ਦੇ ਭਾਗਾਂ ਵਿਚ ਹੀ ਸੀ।

ਤਾਰ ਰਾਹੀਂ ਸੰਦੇਸ਼ ਭੇਜਣ ਦਾ ਕਾਰਜ ਤਾਂ ਪਿਛਲੀ ਸਦੀ ਤੋਂ ਹੀ ਹੋ ਰਿਹਾ ਹੈ ਪਰ ਤਾਰ ਤੋਂ ਬਗੈਰ ਸੰਦੇਸ਼ ਭੇਜਣ ਵਾਸਤੇ ਸਾਇੰਸਦਾਨਾਂ ਨੂੰ ਕਾਮਯਾਬੀ ਬਾਦ ਵਿਚ ਮਿਲੀ।

ਸੰਨ ੧੮੯੪ ਵਿਚ ਵੀਹ ਸਾਲ ਦੇ ਗਭਰੂ ਗੁਗਲੀਲਮੋ ਮਾਰਕੋਨੀ ਨੇ ਕਈ ਮਹੀਨਿਆਂ ਦੇ ਦਿਲ ਦਾਹੂ ਤਜਰਬਿਆਂ ਬਾਦ ਇਕ ਰਾਤ ਜਦ ਸਵਿਚ ਦਬਿਆ ਤਾਂ ਇਕ ਚੰਗਿਆੜਾ ਭੁੜਕਿਆ। ਇਸ ਦੇ ਨਾਲ ਹੀ ਤੀਹ ਫੁਟ ਦੂਰ ਕਮਰੇ ਵਿਚ ਪਈ ਇਕ ਘੰਟੀ ਆਪਣੇ ਆਪ ਵਜ ਪਈ। ਮਾਰਕੋਨੀ ਨੇ ਦੌੜ ਕੇ ਆਪਣੀ ਮਾਂ ਨੂੰ ਜਗਾਇਆ। ਉਸ ਦੀ ਖੁਸ਼ੀ ਦੀ ਖਬਰ ਸੁਨਣ ਵਾਸਤੇ ਮਾਂ ਹੀ ਇਕੋ ਇਕ ਵਿਅਕਤੀ ਅਤੇ ਯੋਗ ਵਿਅਕਤੀ ਸੀ। ਉਸ ਨੇ ਮਾਨ ਨਾਲ ਕਿਹਾ ਮਾਂ ਮੈਂ ਇਹ ਗੱਲ ਲੱਭਣ ਵਿਚ ਕਾਮਯਾਬ ਹੋ ਗਿਆ ਹਾਂ ਕਿ ਬਗੈਰ ਤਾਰ ਦੇ ਦੂਸਰੀ ਥਾਂ ਆਵਾਜ਼ ਪਹੁੰਚਾਈ ਜਾ ਸਕਦੀ ਹੈ। ਇਸ ਐਲਾਨ ਨਾਲ ਵਾਇਰਲੈਸ ਦੇ ਜਨਮ ਦੀ ਘੋਸ਼ਨਾ ਹੋ ਗਈ ਸੀ।

ਵੀਹਾਂ ਵਰ੍ਹਿਆਂ ਦੇ ਕਵਾਰੇ ਮੁੰਡੇ ਮਾਰਕੋਨੀ ਨੇ ਸਾਇੰਸ ਦੀ ਦੁਨੀਆ ਵਿਚ ਇਨਕਲਾਬ ਦਾ ਮੁਢ ਬੰਨ ਦਿਤਾ।

ਕਹਿੰਦੇ ਨੇ ਜਦੋਂ ਮਾਰਕੋਨੀ ਦਾ ਇਟਲੀ ਦੇਸ ਦੇ ਬੋਲੋਗਨਾ ਪਿੰਡ ਵਿਚ ਜਨਮ ਹੋਇਆ ਤਾਂ ਘਰ ਦੇ ਨੌਕਰ ਨੇ ਨਵੇਂ ਜੰਮੇ ਬੱਚੇ ਨੂੰ ਵੇਖਦਿਆਂ ਹੀ ਕਿਹਾ, "ਵੇਖੋ ਇਹਦੇ ਕੰਨ ਕਿੱਡੇ ਵੱਡੇ ਨੇ"। ਉਹਦੀ ਮਾਂ ਨੇ ਸੁਤੇ ਸਿਧ ਇਕ ਗੱਲ ਕਹੀ ਜੋ ਭਵਿਖਬਾਣੀ ਸਾਬਤ ਹੋਈ, "ਇਹ ਆਪਣੇ ਕੰਨਾਂ ਨਾਲ ਹਵਾ ਦੀ ਮੂਕ ਆਵਾਜ਼ ਵੀ ਸੁਣ ਲਵੇਗਾ।

ਮਾਰਕੋਨੀ ਦਾ ਪਿਤਾ ਗਿਸਪੀ ਮਾਰਕੋਨੀ ਧਨਾਡ ਵਪਾਰੀ ਆਦਮੀ ਸੀ। ਮਾਂ ਅੰਨਾ ਜੇਮਸਨ, ਡਬਲਿਨ ਦੇ ਮਸ਼ਹੂਰ ਕਲਾਲਾਂ ਦੀ ਧੀ ਸੀ। ਉਹ ਈਸਾਈਆਂ ਦੇ ਪ੍ਰੋਟੈਸਟੈਂਟ ਧਰਮ ਨੂੰ ਮੰਨਣ ਵਾਲੀ ਅਤੇ ਸੰਗੀਤਕਾਰ ਸੀ। ਉਸ ਨੇ ਆਪਣੇ ਪੁੱਤਰ ਨੂੰ ਈਸਾਈ ਧਰਮ ਦਾ ਨਿਸ਼ਠਾਵਾਨ, ਈਸਾਈ ਧਰਮ ਪੁਸਤਕ ਬਾਈਬਲ ਦਾ ਸ਼ਰਧਾਵਾਨ ਬਣਾਇਆ। ਮਾਰਕੋਨੀ ਨੂੰ ਇਕ ਪਰਬੀਨ ਪਿਆਨੋਵਾਦਕ, ਦ੍ਰਿੜ ਸੰਕਲਪੀ, ਹੱਠੀ, ਤਪਸਵੀ ਅਤੇ ਮਿਹਨਤੀ ਵਿਅਕਤੀ ਬਣਾ ਦਿਤਾ।

ਮਾਰਕੋਨੀ ਨੂੰ ਛੋਟੀ ਉਮਰੇ ਹੀ ਸਾਇੰਸ ਦੀ ਦੁਨੀਆ ਨੇ ਮੋਹ ਲਿਆ। ਬਾਰਾਂ ਸਾਲਾਂ ਦੀ ਉਮਰ ਵਿਚ ਹੀ ਉਹ ਫਿਜ਼ਿਕਸ ਤੇ ਕੈਮਿਸਟਰੀ ਦੇ ਅਧਿਅਨ ਵਿਚ ਡੁੱਬਾ ਰਹਿੰਦਾ। ਉਹਦੇ ਮਾਪਿਆਂ ਨੇ ਇਕ ਦਿਨ ਹੈਰਾਨੀ ਨਾਲ ਪੁਛਿਆ ਕਾਕਾ ਤੇਰੀ ਦੋਸਤੀ ਇਕ ਉਮਰੋਂ ਪੱਕੇ "ਅੰਨੇ ਬੰਦੇ ਨਾਲ ਕਿਉਂ ਹੈ। ਮਾਰਕੋਨੀ ਕਹਿਣ ਲਗਾ ਉਹ ਬਾਬਾ ਰਿਟਾਇਰਡ ਤਾਰ ਬਾਬੂ ਹੈ ਅਤੇ ਉਹ ਮੈਨੂੰ ਮੋਰਸ ਕੋਡ (ਤਾਰ ਭੇਜਣ ਵਾਸਤੇ ਟਿੱਕ ਟਿੱਕ ਦੇ ਸੰਦੇਸ਼) ਸਿਖਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

ਵੀਹ ਸਾਲ ਦੀ ਉਮਰੇ ਹੀ ਉਹਨੇ ਜਰਮਨੀ ਦੇ ਇਕ ਮਸ਼ਹੂਰ ਵਿਗਿਆਨਕ ਹੈਨਰਿਚ ਹਰਟਸ ਦੀ ਮੌਤ ਬਾਦ ਛਪੀ ਜੀਵਨੀ ਪੜ੍ਹੀ। ਉਸ ਵਿਚ ਹਰਟਸ ਦੇ ਬਿਜਲ-ਚੁੰਬਕੀ ਲਹਿਰਾਂ ਬਾਰੇ ਤਜਰਬੇ ਸਨ। ਇਹ ਪੜ੍ਹਕੇ ਮਾਰਕੋਨੀ ਦੇ ਦਿਮਾਗ ਵਿਚ ਪ੍ਰਸ਼ਨ ਉੱਠ ਖਲੋਇਆ ਕਿ ਜੇ ਇਕ ਚੰਗਿਆੜਾ ਬਗੈਰ ਤਾਰਾਂ ਤੋਂ ਜਾ ਸਕਦਾ ਹੈ ਤਾਂ ਆਵਾਜ਼ ਦੇ ਸੰਕੇਤ ਕਿਉਂ ਨਹੀਂ ਜਾ ਸਕਦੇ ?

੧੮੯੪ ਦੀ ਉਸ ਰਾਤ ਦੇ ਤਜਰਬੇ ਨੇ ਉਸ ਦੇ ਸੁਪਨੇ ਨੂੰ ਹਕੀਕਤ ਵਿਚ ਬਦਲ ਦਿਤਾ। ਹੁਣ ਉਹਨੇ ਹੋਰ ਲੰਮੀ ਦੂਰੀ ਤਕ ਤਜਰਬੇ ਕੀਤੇ। ਹੋਰ ਵੀ ਦੂਰ ਸੰਦੇਸ਼ ਪਹੁੰਚਾਣ ਵਿਚ ਉਹ ਸਫਲ ਹੋ ਗਿਆ। ਪਰ ਜਦੋਂ ਆਪਣੀ ਇਸ ਮਹਾਨ ਖੋਜ ਦੀ ਖੁਸ਼ ਖਬਰੀ ਉਹ ਇਟਲੀ ਦੀ ਸਰਕਾਰ ਨੂੰ ਸੁਨਾਉਣ ਗਿਆ ਤਾਂ ਇਟਲੀ ਦੇ ਡਾਕ ਤਾਰ ਮਹਿਕਮੇ ਨੂੰ ਇਸ ਵਿਚ ਕੁਝ ਵੀ ਦਿਲਚਸਪੀ ਨਹੀਂ ਸੀ।

ਉਸਦੀ ਪੱਥ ਪ੍ਰਦਸ਼ਕ ਮਾਂ ਨੇ ਸਲਾਹ ਦਿਤੀ ਕਿ ਬੱਚਾ ਤੇਰੇ ਵਾਸਤੇ ਇਹ ਥਾਂ ਯੋਗ ਨਹੀਂ। ਅਜਿਹੀਆਂ ਗੱਲਾਂ ਦੀ ਕਦਰ ਇੰਗਲੈਂਡ ਵਿਚ ਪੈ ਸਕਦੀ ਹੈ। ਅਤੇ ਸੰਨ ੧੮੯੬ ਦੇ ਫਰਵਰੀ ਮਹੀਨੇ ਵਿਚ ਹੀ ਉਹ ਆਪਣੇ ਸਾਮਾਨ ਦੇ ਦੋ ਟਰੰਕ ਭਰ ਕੇ ਲੰਡਨ ਪੁੱਜ ਗਿਆ। ਇੰਗਲੈਂਡ ਦੇ ਕਸਟਮ ਅਧਿਕਾਰੀਆਂ ਨੇ ਉਹਦੇ ਯੰਤਰਾਂ ਦੀ ਏਨੀ ਬਾਰੀਕ ਬੀਨੀ ਨਾਲ ਘੋਖ ਪੜਤਾਲ ਕੀਤੀ ਕਿ ਉਹ ਸਾਰੇ ਨਸ਼ਟ ਹੀ ਹੋ ਗਏ। ਮਾਰਕੋਨੀ ਦੇ ਸਾਰੇ ਜੀਵਨ ਵਿਚ ਇੰਜ ਹੁੰਦਾ ਰਿਹਾ ਵਿਨਾਸ਼ ਅਤੇ ਵਿਕਾਸ। ਇਹ ਸਾਰੇ ਯੰਤਰ ਉਹਨੂੰ ਮੁੜ ਬਨਾਉਣੇ ਪਏ !

ਇੰਗਲੈਂਡ ਵਿਚ ਵੀ ਮਾਰਕੋਨੀ ਨੂੰ ਆਪਣੀ ਗੱਲ ਦੱਸਣ ਵਾਸਤੇ ਸੰਘਰਸ਼ ਕਰਨਾ ਪਿਆ ਪਰ ਇਥੇ ਸਰਕਾਰ ਅਤੇ ਪ੍ਰਾਈਵੇਟ ਸ਼ਹਿਰੀਆਂ ਵਿਚ ਕੁਝ ਵਿਅਕਤੀ ਐਸੇ ਸਨ ਜੋ ਮਾਰਕੋਨੀ ਦੀ ਵਿਗਿਆਨਕ ਪ੍ਰਤਿਭਾ ਦੇ ਕਾਇਲ ਸਨ। ਉਹਨਾਂ ਸੋਚਿਆ ਮਾਰਕੋਨੀ ਦੀ ਖੋਜ ਸਦਕਾ ਕਿਸੇ ਦਿਨ ਸਮੁੰਦਰੀ ਜਹਾਜ਼ਾਂ ਨਾਲ ਸੰਪਰਕ ਕਾਇਮ ਹੋ ਸਕੇਗਾ। ਧਰਤੀ ਉਪਰ ਤਾਂ ਤਾਰ ਰਾਹੀਂ ਸੰਪਰਕ ਹੋ ਜਾਂਦਾ ਸੀ ਪਰ ਸਮੁੰਦਰ ਅਤੇ ਹਵਾ ਵਿਚ ਇਹ ਸੰਭਵ ਨਹੀਂ ਸੀ।

ਬਗੈਰ ਤਾਰ ਤੋਂ ਸੰਦੇਸ਼ ਪਹੁੰਚਾਣ ਦੇ ਕਾਰਜ ਨੂੰ ਲੈ ਕੇ ਸੰਨ ੧੮੯੭ ਵਿਚ ਇਕ ਬਾਕਾਇਦਾ ਬ੍ਰਿਟਿਸ਼ ਕੰਪਨੀ ਬਣੀ। ਇਸ ਕੰਪਨੀ ਨੇ ਵਾਇਰਲੈਸ ਦੇ ਕੰਮ ਨੂੰ ਵਿਕਾਸ ਵੀ ਦੇਣਾ ਸੀ ਇਸ ਨੂੰ ਵਪਾਰਕ ਤੌਰ ਤੇ ਵੀ ਚਲਾਣਾ ਸੀ ਅਤੇ ਆਪਣੀਆਂ ਕਾਢਾਂ ਦੇ ਹੱਕ ਰਾਖਵੇਂ ਕਰਨੇ ਅਥਵਾ ਪੇਟੈਂਟ ਕਰਾਉਣਾ ਸੀ। ਕੇਵਲ ੨੩ ਸਾਲ ਦੇ ਮਾਰਕੋਨੀ ਨੂੰ ਉਸ ਕੰਪਨੀ ਦੇ ਅੱਧੇ ਹਿਸਿਆਂ ਤੋਂ ਇਲਾਵਾ ੧੫੦੦੦ ਪੌਂਡ ਨਕਦ ਦਿਤੇ ਗਏ। ਮਾਰਕੋਨੀ ਇਕ ਅਮੀਰ ਆਦਮੀ ਬਣ ਗਿਆ ਸੀ।

੧੮੯੭ ਵਿਚ ਇਸ ਕੰਪਨੀ ਵਲੋਂ ਬਣਾਏ ਗਏ ਪਹਿਲੇ ਵਾਇਰਲੈਸ ਸਟੇਸ਼ਨ ਨੇ ੧੮ ਮੀਲ ਦੂਰ ਖੜੇ ਸਟੀਮਰ (ਸਮੁੰਦਰੀ ਜਹਾਜ਼) ਨਾਲ ਸੰਪਰਕ ਕਾਇਮ ਕੀਤਾ। ਇਕ ਸਾਲ ਬਾਦ ਡਬਲਿਨ ਦੀ ਅਖਬਾਰ ਡੇਲੀ ਐਕਸਪਰੈਸ ਨੇ ਮਾਰਕੋਨੀ ਨੂੰ ਕਿਹਾ ਕਿ ਐਸਾ ਪਰਬੰਧ ਕੀਤਾ ਜਾਵੇ ਜਿਸ ਨਾਲ ਸਮੁੰਦਰ ਵਿਚ ਹੋਣ ਵਾਲੀ ਨੌਕਾ ਦੌੜ ਸਮੇਂ ਉਹਨਾਂ ਦਾ ਹਾਲ ਨਾਲੋਂ ਨਾਲ ਵਾਇਰਲੈਸ ਦੁਆਰਾ ਪ੍ਰਾਪਤ ਹੋ ਸਕੇ। ਪਹਿਲੇ ਦਿਨ ਤਾਂ ਮਾਰਕੋਨੀ ਅਸਫਲ ਰਿਹਾ ਪਰ ਦੂਸਰੇ ਦਿਨ ਕੋਈ ੧੦੦ ਸੰਦੇਸ਼ ਦੂਰ ਸਮੁੰਦਰ ਵਿਚੋਂ ਇਸ ਰੇਸ ਦੀ ਜਾਨਕਾਰੀ ਬਾਰੇ ਪ੍ਰਾਪਤ ਹੋਏ। ਇਸ ਕਾਰਜ ਨਾਲ ਅਖਬਾਰਾਂ ਵਿਚ ਮਾਰਕੋਨੀ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਹੋਈ। ਵਾਇਰਲੈਸ ਸਿਸਟਮ ਦੇ ਵਿਕਾਸ ਵਾਸਤੇ ਬਹੁਤ ਵੱਡੇ ਦਿਸਹੱਦੇ ਕਾਇਮ ਹੋ ਗਏ ਸਨ।

ਇਸੇ ਸਾਲ ਇੰਗਲੈਂਡ ਦੀ ਮਹਾਰਾਣੀ ਮਲਕਾ ਵਿਕਟੋਰੀਆ ਨੇ ਇਹ ਖਾਹਸ਼ ਜ਼ਾਹਰ ਕੀਤੀ ਕਿ ਉਹਦੇ ਗਰਮੀਆਂ ਦੇ ਨਿਵਾਸ ਮਹਲ ਅਤੇ ਸਮੁੰਦਰ ਵਿਚ ਖੜੀ ਸ਼ਾਹੀ ਬਾਦਬਾਨੀ ਬੇੜੀ ਵਿਚਕਾਰ ਸੰਪਰਕ ਕਾਇਮ ਕੀਤਾ ਜਾਵੇ। ਉਸ ਬੇੜੀ ਵਿਚ ਮਲਕਾ ਦਾ ਪੁੱਤਰ ਅਤੇ ਬਾਦ ਦਾ ਬਾਦਸ਼ਾਹ ਐਡਵਰਡ ਸਤਵਾਂ ਲੱਤ ਦੀ ਸੱਟ ਤੋਂ ਅਰੋਗ ਹੋ ਰਿਹਾ ਸੀ।

ਇਕ ਸਵੇਰ ਜਦੋਂ ਮਾਰਕੋਨੀ ਮਲਕਾ ਦੇ ਸ਼ਾਹੀ ਬਾਗ ਵਿਚ ਕੰਮ ਕਰ ਰਿਹਾ ਸੀ ਤਾਂ ਮਲਕਾ ਉਹਦੀ ਨਮਸਤੇ ਦਾ ਉੱਤਰ ਦਿਤਿਆਂ ਬਗੈਰ ਚਲੀ ਗਈ। ਮਾਰਕੋਨੀ ਵਰਗੇ ਅਤਿ ਕੋਮਲ ਭਾਵੀ ਬੰਦੇ ਨੇ ਕਹਿ ਦਿੱਤਾ ਕਿ ਉਹ ਤਜਰਬਾ ਨਹੀਂ ਕਰੇਗਾ ਅਤੇ ਮਹੱਲ ਛੱਡ ਦੇਵੇਗਾ। ਜਦੋਂ ਮਲਕਾ ਨੂੰ ਪਤਾ ਲਗਾ ਤਾਂ ਉਹਨੇ ਹੁਕਮ ਦਿਤਾ ਕਿ ਹੋਰ ਇਲੈਕਟ੍ਰੀਸ਼ਨ ਲੈ ਆਵੋ। ਮਲਕਾ ਨੂੰ ਉੱਤਰ ਮਿਲਿਆ "ਸਤਿਕਾਰਯੋਗ ਮਲਿਕਾ ਸਹਿਬਾ ਸਾਨੂੰ ਅਫਸੋਸ ਹੈ ਕਿ ਕੋਈ ਅੰਗਰੇਜ਼ ਮਾਰਕੋਨੀ ਸਾਡੇ ਰਾਜ ਵਿਚ ਨਹੀਂ ਹੈ।" ਮਲਕਾ ਬਹੁਤ ਸਟਪਟਾਈ ਫਿਰ ਸ਼ਾਂਤ ਹੋ ਗਈ ਤਾਂ ਕਹਿਣ ਲਗੀ ਅੱਛਾ ਜੇ ਇਹ ਗੱਲ ਹੈ ਤਾਂ ਕੱਲ ਦੁਪਹਿਰ ਦਾ ਖਾਣਾ ਉਹ ਮੇਰੇ ਨਾਲ ਖਾਵੇ। ਮਾਰਕੋਨੀ ਵੀ ਸ਼ਾਂਤ ਹੋ ਗਿਆ ਤੇ ਸ਼ਾਹੀ ਕਾਰਜ ਉਹਨੇ ਸਿਰੇ ਚਾੜ੍ਹਿਆ।

ਮਾਰਕੋਨੀ ਦੁਆਰਾ ਲਾਏ ਗਏ ਵਾਇਰਲੈਸ ਸੈਟ ਵਾਲੇ ਬਰਤਾਨੀਆ ਦੇ ਇਕ ਛੋਟੇ ਜਹਾਜ਼ ਨੇ ਸੁਣਿਆ ਕਿ ਇੰਗਲਿਸ਼ ਚੈਨਲ ਵਿਚ ਕਿਸੇ ਡੁੱਬ ਰਹੇ ਸਟੀਮਰ ਤੋਂ ਬਚਾਅ ਵਾਸਤੇ ਅਪੀਲ ਆ ਰਹੀ ਹੈ। ਜਹਾਜ਼ ਨੇ ਇਹ ਖਬਰ ਉਸੇ ਵੇਲੇ


Sri Satguru Jagjit Singh Ji eLibrary NamdhariElibrary@gmail.com

ਕੰਢੇ ਤੇ ਭੇਜ ਦਿਤੀ । ਮੋਟਰ ਬੇੜੀਆਂ ਧਾਈ ਕਰਕੇ ਪੈ ਗਈਆਂ ਅਤੇ ਕੀਮਤੀ ਜਾਨਾਂ ਨੂੰ ਬਚਾ ਲਿਆ । ਸੰਨ ੧੮੯੯ ਵਿਚ ਵਾਪਰੀ ਇਸ ਘਟਨਾ ਕਾਰਨ ਮਾਰਕੋਨੀ ਨੂੰ ਜ਼ਬਰਦਸਤ ਮਾਨਸਕ ਤਸੱਲੀ ਹੋਈ ।

ਮਾਰਕੋਨੀ ਦਿਆਂ ਕਾਰਨਾਮਿਆਂ ਦੀ ਮਸ਼ਹੂਰੀ ਸਾਰੇ ਸੰਸਾਰ ਵਿਚ ਹੋਣ ਲਗੀ । ਬਰਤਾਨੀਆ ਅਤੇ ਇਟਲੀ ਦੇ ਸਭ ਜਹਾਜ਼ਾਂ ਤੇ ਵਾਇਰਲੈਸ ਸੈੱਟ ਲਾ ਦਿਤੇ ਗਏ । ਭਾਵੇਂ ਇੰਗਲੈਂਡ ਦੇ ਸਾਰੇ ਯੂਰਪ ਦੇ ਮੁਖ ਕੇਂਦਰਾਂ ਨਾਲ ਸੰਚਾਰ ਸੰਪਰਕ ਕਾਇਮ ਹੋ ਗਏ ਸਨ ਪਰ ਮਾਰਕੋਨੀ ਇਕ ਹੋਰ ਵੱਡੀ ਪ੍ਰਾਪਤੀ ਕਰਨੀ ਚਾਹੁੰਦਾ ਸੀ । ਉਹਦੀ ਚਾਹਨਾ ਯੂਰਪ ਦਾ ਅਮਰੀਕਾ ਮਹਾਂਦੀਪ ਨਾਲ ਸੰਪਰਕ ਕਾਇਮ ਕਰਨਾ ਸੀ । ਵਿਚਕਾਰ ਹਜ਼ਾਰਾਂ ਮੀਲ ਸਮੁੰਦਰ ਹੀ ਸੀ । ਉਦੋਂ ਦੇ ਸਾਇੰਸਦਾਨਾਂ ਦਾ ਖਿਆਲ ਸੀ ਕਿ ਜ਼ਮੀਨ ਦੀ ਗੋਲਾਈ ਕਾਰਨ ਇਹ ਸੰਪਰਕ ਹੋਣਾ ਮੁਸ਼ਕਲ ਹੈ । ਇਸ ਵਿਰੋਧਤਾ ਦੇ ਬਾਵਜੂਦ ਓਹਨੇ ਕੰਪਨੀ ਨੂੰ ਇਸ ਗੱਲ ਤੇ ਰਾਜ਼ੀ ਕਰ ਲਿਆ ਕਿ ਇਸ ਤਜਰਬੇ ਤੇ ਖਰਚਾ ਦਾਅ ਤੇ ਲਾਇਆ ਜਾਵੇ ।

ਯੂਰਪ ਵਿਚ ਇਸ ਮੰਤਵ ਲਈ ਇੰਗਲੈਂਡ ਦੇ ਦੱਖਣ-ਪੱਛਮੀ ਕੋਨੇ ਤੇ ਉਹਨੇ ਪੋਲਦੂ ਨਾਮੀ ਥਾਂ ਚੁਣਿਆ । ਇਸ ਸਟੇਸ਼ਨ ਦੀ ਕਾਇਮੀ ਵਾਸਤੇ ਪੂਰਾ ਇਕ ਸਾਲ ਮਿਹਨਤ ਨਾਲ ਕੰਮ ਕੀਤਾ ਗਿਆ । ਪਰ ਜਿਵੇਂ ਸੰਘਰਸ਼ਸ਼ੀਲ ਵਿਅਕਤੀਆਂ ਨੂੰ ਪੈਰ ਪੈਰ ਤੇ ਇਮਤਿਹਾਨ ਪੈਂਦੇ ਹਨ । ਇਕ ਸਾਲ ਬਾਦ ਐਸਾ ਤੂਫਾਨ ਆਇਆ ਕਿ ਸਭ ਕੁਝ ਹੀ ਨਸ਼ਟ ਹੋ ਗਿਆ । ਪਰ ਮਾਰਕੋਨੀ ਦੇ ਸ਼ਬਦ-ਕੋਸ਼ ਵਿਚ ਉਤਸ਼ਾਹ-ਹੀਣਤਾ ਜਾਂ ਬਦਦਿਲੀ ਵਰਗੇ ਸ਼ਬਦ ਨਹੀਂ ਸਨ । ਉਹਨੇ ਮੁੜ ਲੱਕ ਬੰਨਿਆ ਅਤੇ ਸਾਰਾ ਸਟੇਸ਼ਨ ਮੁੜ ਸਥਾਪਤ ਕਰਕੇ ਅਮਰੀਕਾ ਜਾਣ ਵਾਲੇ ਜਹਾਜ਼ ਤੇ ਜਾ ਚੜ੍ਹਿਆ ।

ਅਮਰੀਕੀ ਮਹਾਂਦੀਪ ਵਿਚ ਉਹਨੇ ਨੀਊ ਫਾਊਂਡਲੈਂਡ ਦੀ ਥਾਂ ਸਟੇਸ਼ਨ ਕਾਇਮ ਕਰਨ ਲਈ ਚੁਣੀ । ਉਥੇ ਸੰਤ ਜੋਹਨ ਦੇ ਨਾਮ ਨਾਲ ਇਕ ਪਹਾੜੀ ਸੀ । ਉਸ ਪਹਾੜੀ ਉਤੇ ਮਸ਼ਹੂਰ ਖੋਜੀ ਯਾਤਰੂ ਗਿਓਵੈਨੀ ਗ੍ਰਬੋਟੋ ਦੀ ਸਿਮ੍ਰਤੀ ਵਿਚ ਇਕ ਮੀਨਾਰ ਸੀ । ਇਸ ਮੀਨਾਰ ਨੂੰ ਮਾਰਕੋਨੀ ਨੇ ਆਪਣੇ ਤਜਰਬੇ ਵਾਸਤੇ ਖੁਸ਼ਕਿਸਮਤੀ ਸਮਝਿਆ । ਬਹੁਤ ਸਾਰੀਆਂ ਤਕਨੀਕੀ ਰੁਕਾਵਟਾਂ ਤੋਂ ਇਲਾਵਾ ਮੌਸਮ ਵੀ ਤਜਰਬੇ ਦੇ ਵਿਰੁਧ ਸੀ । ਪਰ ਮਾਰਕੋਨੀ ਖੌਰੇ ਕਿਹੜੀ ਮਿੱਟੀ ਦਾ ਬਣਿਆ ਹੋਇਆ ਸੀ । ਉਹ ਇਕਾਗਰ ਚਿਤ ਹੋ ਕੇ ਅਪਣੇ ਮੰਤਵ ਵਾਸਤੇ ਜੁਝਦਾ ਰਿਹਾ । ਅਖੀਰ ੧੨ ਦਸੰਬਰ ੧੯੦੧ ਨੂੰ ਉਹਦੀ ਮਿਹਨਤ ਦਾ ਸਿੱਟਾ ਨਿਕਲਣਾ ਸੀ । ਉਹ ਕੰਨਾਂ ਤੇ ਹੈਡਫੋਨ ਰੀਸੀਵਰ ਲਾਕੇ ਯੂਰਪ ਦੇ ਸਟੇਸ਼ਨ ਤੋਂ ਆਉਣ ਵਾਲੀ ਆਵਾਜ਼ ਭਾਲਣ ਲਗਾ । ਉਸ ਸਮੇਂ ਅਜਿਹੇ ਜੰਤਰ ਤਾਂ ਹੈ ਨਹੀਂ ਸਨ ਜਿਹੋ ਜਿਹੇ ਅਜਕਲ ਰੇਡੀਓ ਵਾਂਗ ਹਨ ਕਿ ਜਿਹੜੀ ਥਾਂ ਮਰਜ਼ੀ ਟੀਊਨ ਕਰ ਲਵੋ । ਉਹਦੋਂ ਤਾਂ ਬੜੇ ਔਖੇ ਤਰੀਕੇ ਨਾਲ ਸੰਕੇਤਾਂ ਦੀ ਭਾਲ ਕਰਨੀ ਪੈਂਦੀ ਸੀ । ਅੱਧਾ ਘੰਟਾ ਮਾਰਕੋਨੀ ਆਵਾਜ਼ ਦਾ ਸ਼ਿਕਾਰ ਕਰਦਾ ਰਿਹਾ ਪਰ ਨਿਸਫਲ । ਕੀ ਕੋਈ ਗੈਬੀ ਸ਼ਕਤੀ ਵਿਚੋਂ ਆਵਾਜ਼ ਪੀ ਗਈ ਹੈ । ਕੀ ਜ਼ਮੀਨ ਦੀ ਗੋਲਾਈ ਸੱਚ ਮੁੱਚ ਵਿਘਨਕਾਰੀ ਹੈ।ਕਈ ਪਰਕਾਰ ਦੇ ਡਰ ਤੇ ਵਹਿਮ ਮਾਰਕੋਨੀ ਦੇ ਦਿਮਾਗ ਵਿਚ ਘੁਮਣ ਲਗੇ । ਇਕ ਸੰਕੇਤ ਉਤੇ ਸਾਇੰਸ ਦੀ ਦੁਨੀਆ ਦਾ ਭਵਿੱਖ ਨਿਰਭਰ ਸੀ । ਅਚਾਨਕ ਉਹਦੇ ਕੰਨਾਂ ਤੇ ਲਗੇ ਏਅਰੋਫੋਨ ਚੋਂ ਜ਼ੋਰਦਾਰ ਕਿੜ ਕਿੜ ਦੀ ਆਵਾਜ਼ ਆਈ । ਇਸ ਬਾਦ ਤਿੰਨ ਵਾਰ ਸਪੱਸ਼ਟ ਟਿੱਕ ਟਿੱਕ ਹੋਈ । ਮੋਰਿਸ ਭਾਸ਼ਾ ਵਿਚ ਟਿੱਕ ਟਿੱਕ ਕਰਦਿਆਂ ਮਾਰਕੋਨੀ ਨੇ ਪੁੱਛਿਆ "ਕੈਂਪ ਕੀ ਤੂੰ ਕੁਝ ਸੁਣ ਰਿਹਾ ਹੈਂ" ? ਅਗੋਂ ਉਹਦੇ ਸਹਾਇਕ ਕੈਂਪ ਦੀ ਟਿਕ ਟਿਕ ਆਈ, "ਹਾਂ ਜੀ ਬਿਲਕੁਲ ਸੁਣ ਰਿਹਾ ਹਾਂ ।" ਇਹ ਆਵਾਜ਼ ਯੂਰਪ ਚੋਂ ਆਈ ਸੀ । ਮਾਰਕੋਨੀ ਦੀ ਖੁਸ਼ੀ ਦਾ ਅੰਤ ਨਹੀਂ ਸੀ । ਯੂਰਪ ਅਤੇ ਅਮਰੀਕਾ ਵਿਚ ਬਗੈਰ ਤਾਰ ਤੋਂ ਆਵਾਜ਼ ਪਹੁੰਚਾਣ ਅਤੇ ਪਕੜਣ ਦਾ ਮੁੱਢਲਾ ਤਜਰਬਾ ਕਾਮਯਾਬ ਹੋ ਗਿਆ ਸੀ । ਦੋ ਦਿਨ ਬਾਦ ਜਦੋਂ ਉਹਨੇ ਅਖਬਾਰਾਂ ਵਾਲਿਆਂ ਨੂੰ ਅਪਣੀ ਕਾਮਯਾਬੀ ਦੀ ਖਬਰ ਦਿਤੀ ਤਾਂ ਉਹਨਾਂ ਨੂੰ ਯਕੀਨ ਨਾ ਆਇਆ । ਉਹਨਾਂ ਦਾ ਸ਼ੱਕ ਦੂਰ ਕਰਨ ਵਾਸਤੇ ਮਾਰਕੋਨੀ ਨੂੰ ਨਿਊ ਫਾਊਂਡਲੈਂਡ ਵਿਚ ਬਾਕਾਇਦਾ ਸਟੇਸ਼ਨ ਬਨਾਉਣਾ ਪੈਣਾ ਸੀ । ਇਹ ਤਾਂ ਗੱਲ ਹੋ ਜਾਣੀ ਸੀ ਪਰ ਸੰਦੇਸ਼ ਸੁਨਣ ਤੋਂ ਚਾਰ ਦਿਨ ਬਾਦ ਹੀ ਭਾਰੀ ਵਿਘਨ ਆ ਪਿਆ । ਐਂਗਲੋ ਅਮਰੀਕਨ ਕੇਬਲ ਕੰਪਨੀ ਕੋਲ ਉਸ ਇਲਾਕੇ ਵਿਚ ਤਾਰ ਸੰਦੇਸ਼ਾਂ ਦੇ ਕਾਨੂੰਨੀ ਅਧਿਕਾਰ ਸਨ । ਉਹਨੇ ਕਾਨੂੰਨੀ ਕਾਰਵਾਈ ਦੀ ਧਮਕੀ ਦੇ ਕੇ ਮਾਰਕੋਨੀ ਦਾ ਤਜਰਬਾ ਬੰਦ ਹੀ ਕਰਵਾ ਦਿਤਾ ।

ਪਰ ਇਸ ਸਮੇਂ ਕੈਨੇਡਾ ਦਾ ਵਿਤ ਮੰਤਰੀ ਵਿਲੀਅਮ ਸਟੀਵਨਜ਼ ਫੋਲਡਿੰਗ ਮਦਦ ਵਾਸਤੇ ਆਇਆ । ਉਹਨੇ ਮਾਰਕੋਨੀ ਨੂੰ ਨਵੇਂ ਥਾਂ ਤੇ ਸਟੇਸ਼ਨ ਚਾਲੂ ਕਰਨ ਲਈ ੧੬੦੦੦ ਪੌਂਡ ਪੇਸ਼ ਕੀਤੇ । ਫਲਸਰੂਪ ਨੋਵਾ ਸਕੋਟੀਆ ਵਿਚ ਰਾਲੇਸ ਬੇਅ ਵਿਖੇ ਵਾਇਰਲੈਸ ਸਟੇਸ਼ਨ ਕਾਇਮ ਹੋ ਗਿਆ । ਮਾਰਕੋਨੀ ਦਾ ਅਮਰੀਕਾ-ਯੂਰਪ ਸੰਪਰਕ ਕਾਇਮ ਕਰਨ ਦਾ ਸੁਪਨਾ ਸਾਕਾਰ ਹੋ ਗਿਆ ਸੀ । ਅਮਰੀਕਾ ਵਿਚ ਮਾਰਕੋਨੀ ਦੀ ਬਹੁਤ ਜੈ ਜੈਕਾਰ ਹੋਈ । ਨੀਊਯਾਰਕ ਵਿਚ ਬਿਜਲੀ ਦੇ ਐਨਜੀਨਆਰਾਂ ਦੀ ਸੰਸਥਾ ਨੇ ਮਾਰਕੋਨੀ ਨੂੰ ਪਬਲਿਕ ਤੌਰ ਤੇ ਸਨਮਾਨਿਤ ਕੀਤਾ । ਇਸ ਵਿਚ ਅਮਰੀਕਾ ਵਿਚ ਸਾਇੰਸ ਦੀ ਦੁਨੀਆਂ ਦੇ ਸਭ ਤੋਂ ਵਡੇ ਵਿਅਕਤੀ



Sri Satguru Jagjit Singh Ji eLibrary NamdhariElibrary@gmail.com

ਸ਼ਾਮਲ ਹੋਏ। ਉਸ ਸਮੇਂ ਦੀ ਇਕ ਹੋਰ ਮਸ਼ਹੂਰ ਏਜਾਦਕਾਰ ਥਾਮਸ ਐਡੀਸਨ ਆਪ ਤਾਂ ਨਾ ਆ ਸਕਿਆ ਪਰ ਉਹਨੇ ਸੰਦੇਸ਼ ਜ਼ਰੂਰ ਭੇਜਿਆ।

ਦੋ ਸਾਲ ਬਾਦ ਗਰਾਮੋਫੋਨ ਦੇ ਨਿਰਮਾਤਾ ਐਡੀਸਨ ਨੇ ਮਾਰਕੋਨੀ ਨੂੰ ਨਿਊ ਜਰਸੀ ਵਿਚ ਆਪਣੀ ਵਿਗਿਆਨ ਸ਼ਾਲਾ ਵਿਚ ਦੁਪਹਿਰ ਦੇ ਖਾਣੇ ਤੇ ਬੁਲਾਇਆ। ਦੋਵੇਂ ਮਹਾਨ ਸਾਇੰਸਦਾਨ ਆਪਣੀਆਂ ਗੱਲਾਂ ਵਿਚ ਏਨੇ ਮਗਨ ਹੋ ਗਏ ਕਿ ਐਡੀਸਨ ਨੂੰ ਖਾਣੇ ਦਾ ਚੇਤਾ ਹੀ ਭੁਲ ਗਿਆ। ਮਾਰਕੋਨੀ ਦਾ ਸਹਾਇਕ, ਸੱਕਾਰੀ ਭੁੱਖ ਨਾਲ ਬਹਿਬਲ ਹੋ ਰਿਹਾ ਸੀ। ਪਰ ਮਾਰਕੋਨੀ ਨੇ ਇਹ ਕਹਿ ਕੇ ਉਸਨੂੰ ਸ਼ਾਂਤ ਕੀਤਾ ਕਿ ਸਾਡੀ ਸਿਹਤ ਵਾਸਤੇ ਇਹ (ਭੁੱਖ) ਠੀਕ ਹੈ।

੧੮ ਦਸੰਬਰ ੧੯੦੨ ਨੂੰ ਸਾਰੇ ਸਾਲ ਦੀ ਮਗਜ਼ਮਾਰੀ ਪਿਛੋਂ ਗਲੇਸ ਬੇਅ ਵਾਲਾ ਸਟੇਸ਼ਨ ਤਿਆਰ ਹੋ ਗਿਆ। ਪੋਲਦੂ ਸਟੇਸ਼ਨ ਵੀ ਬਾਕਾਇਦ ਕੰਮ ਕਰਨ ਲਗ ਪਿਆ। ਅਮਰੀਕਾ ਅਤੇ ਯੂਰਪ ਵਿਚ ਬਾਕਾਇਦਾ ਸਿੱਧਾ ਸੰਪਰਕ ਬਗੈਰ ਤਾਰ ਦੇ ਹੋ ਗਿਆ। ਕੇਵਲ ੨੮ ਸਾਲਾਂ ਦੀ ਉਮਰ ਵਿਚ ਮਾਰਕੋਨੀ ਨੇ ਚੋਟੀ ਦੀ ਮਸ਼ਹੂਰੀ ਹਾਸਲ ਕਰ ਲਈ। ਇਸ ਸਿਖਰ ਸਨਮਾਨ ਦੀਆਂ ਘੜੀਆਂ ਵਿਚ ਉਹ ਅਮਰੀਕਾ ਤੋਂ ਯੋਰਪ ਵਾਪਸ ਆਇਆ। ਹੁਣ ਉਹਦੇ ਆਪਣੇ ਦੇਸ਼ ਇਟਲੀ ਅਤੇ ਪਿੰਡ ਬੋਲੋਮਨਾ ਦੇ ਵਸਨੀਕਾਂ ਨੇ ਵੀ ਉਹਨੂੰ ਸਿਰ ਅੱਖਾਂ ਤੇ ਬੈਠਾਇਆ! ਉਹ ਯੂਰਪ ਦੇ ਦੇਸ਼ਾਂ ਵਿਚ ਘੁੰਮਦਾ ਹੋਇਆ ਰੂਸ ਵੀ ਗਿਆ। ਇਥੇ ਉਸਦੀ ਮੁਲਾਕਾਤ ਰੂਸੀ ਸਾਇੰਸਦਾਨ ਅਤੇ ਵਾਇਰਲੈਸ ਦੇ ਇਕ ਹੋਰ ਆਜ਼ਾਦ ਮੋਢੀ ਅਲੈਗਜ਼ਾਦ ਪੋਪੋਫ ਨਾਲ ਹੋਈ। ਉਹਨੇ ਮਾਰਕੋਨੀ ਦੇ ਕੰਮ ਦੀ ਬਹੁਤ ਪਰਸੰਸਾ ਕੀਤੀ।

ਬਹੁਤ ਸਾਰੀਆਂ ਚੀਜ਼ਾਂ ਦੀ ਏਜਾਦ ਕਰਨ ਬਾਦ ਅਤੇ ਵੱਡਾ ਨਾਮ ਕਮਾਉਣ ਬਾਦ ਮਾਰਕੋਨੀ ਥੋਹੜਾ ਸਮਾਂ ਆਰਾਮ ਨਾਲ ਕੰਮ ਕਰਨ ਲਗਾ। ਇਸ ਸਮੇਂ ਉਹਦਾ ਵਿਆਹ ੧੯ ਸਾਲਾਂ ਦੀ ਇਕ ਸੁੰਦਰ ਮੁਟਿਆਰ ਬੀਟਰਸ ਓਬਰਾਈਨ ਨਾਲ ਹੋਇਆ ਅਤੇ ਮਾਰਕੋਨੀ ਵਿਵਾਹਤ ਜੀਵਨ ਦਾ ਅਨੰਦ ਮਾਨਣ ਲਗਾ।

ਹੁਣ ਮਾਰਕੋਨੀ ਤੇ ਮਾੜੇ ਦਿਨ ਮੁੜ ਆਏ। ਕੰਪਨੀ ਦੀ ਲਗਾਤਾਰ ਤਜਰਬਿਆਂ ਕਾਰਨ ਮਾਲੀ ਹਾਲਤ ਬਹੁਤ ਖਰਾਬ ਹੋ ਗਈ। ਲੰਡਨ ਅਤੇ ਇਟਲੀ ਦੇ ਬੈਂਕਾਂ ਨੇ ਹੋਰ ਕਰਜ਼ਾ ਦੇਣ ਤੋਂ ਨਾਂਹ ਕਰ ਦਿਤੀ। ਉਹਦਾ ਪਹਿਲਾ ਬੱਚਾ ਵੀ ਤਿੰਨ ਮਹੀਨਿਆਂ ਦਾ ਹੋ ਕੇ ਮਰ ਗਿਆ। ਮਾਰਕੋਨੀ ਨੇ ਕੰਪਨੀ ਨੂੰ ਮੁੜ ਜਥੇਬੰਦ ਕੀਤਾ। ਅਪਣੇ ਖਰਚੇ ਬਹੁਤ ਘਟਾ ਦਿਤੇ ਅਤੇ ਬਹੁਤ ਸਾਰੇ ਲੋਕਾਂ ਦੀ ਛਾਂਟੀ ਕੀਤੀ ਪਰ ਹਾਲਾਤ ਸਾਜ਼ਗਾਰ ਨਾ ਹੋਏ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਜਰਮਨੀ ਅਤੇ ਅਮਰੀਕਾ ਦੀਆਂ ਕਈ ਕੰਪਨੀਆਂ ਨੇ ਮਾਰਕੋਨੀ ਦੇ ਰਾਖਵੇਂ ਹੱਕਾਂ ਦੀ ਪਰਵਾਹ ਨਾ ਕਰਦਿਆਂ ਉਹਦੇ ਪੇਟੈਂਟ ਦੀ ਨਕਲ ਕਰਕੇ ਸਾਮਾਨ ਬਨਾਉਣਾ ਸ਼ੁਰੂ ਕਰ ਦਿਤਾ ਅਤੇ ਅੰਤਮ ਧੱਕਾ ਇਹ ਲੱਗਾ ਕਿ ਜਿਸ ਗਲਾਸ ਬੇਅ ਸਟੇਸ਼ਨ ਉਤੇ ਲੰਮਾ ਸਮਾਂ ਅਤੇ ਬੇਅੰਤ ਰਾਸ਼ੀ ਖਰਚ ਆਈ ਸੀ, ਉਹ ਅੱਗ ਨਾਲ ਤਬਾਹ ਹੋ ਗਿਆ। ਪਰ ਮਾਰਕੋਨੀ ਦਾ ਇਹਨਾਂ ਔਕੜਾਂ ਬਾਰੇ ਮਨੋ ਕੀ ਰਵੱਈਆ ਸੀ। ਉਸਦੇ ਇਰਾਦੇ ਨੂੰ ਇਹ ਰੁਕਾਵਟਾਂ ਕਿੰਨਾਂ ਕੁ ਡੁਲਾ ਸਕੀਆਂ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਦੋਂ ਮਾਰਕੋਨੀ ਨੂੰ ਗਲੇਸ ਬੇਅ ਸਟੇਸ਼ਨ ਦੇ ਸੜ ਜਾਣ ਦਾ ਪਤਾ ਲਗਾ ਤਾਂ ਉਹਪਿਆਨੋ ਉਤੇ ਸੰਗੀਤ ਦੀ ਇਕ ਧੁਨ ਵਜਾਉਣ ਲਗ ਪਿਆ। ਉਸ ਤੋਂ ਬਾਦ ਸ਼ਾਂਤ ਚਿਤ ਆਪਣੀ ਪਤਨੀ ਨੂੰ ਕਹਿਣ ਲਗਾ ਕਿ ਮੈਨੂੰ ਪਤਾ ਹੈ ਕਿ ਹੁਣ ਮੈਂ ਕੀ ਕਰਨਾ ਹੈ। ਉਸਨੇ ਆਰਾਮ ਤਿਆਗ ਦਿਤਾ ਅਤੇ ਆਪਣੇ ਜੀਵਨ ਕਾਲ ਦੀ ਸਭ ਤੋਂ ਸਖਤ ਮਿਹਨਤ ਸ਼ੁਰੂ ਕਰ ਦਿਤੀ। ਉਹਨੇ ਹੁਣ ਸਾਬਤ ਕਰਨਾ ਸੀ ਕਿ ਵਾਇਰਲੈਸ ਨਿਰੀ ਕਾਢ ਹੀ ਨਹੀਂ ਵਪਾਰਕ ਤੌਰ ਤੇ ਵੀ ਇਸ ਤੋਂ ਫਾਇਦਾ ਲਿਆ ਜਾ ਸਕਦਾ ਹੈ। ਜਿੰਨਾਂ ਕੰਪਨੀਆਂ ਨੇ ਉਹਦੇ ਸਾਮਾਨ ਦੀ ਨਕਲ ਕੀਤੀ ਸੀ ਓਹਨਾਂ ਵਿਰੁਧ ਮੁਕੱਦਮੇ ਵੀ ਦਾਇਰ ਕੀਤੇ।

ਇਕ ਸਾਲ ਦੇ ਵਿਚ ਹੀ ਮੁੜ ਪਾਸਾ ਪਲਟ ਪਿਆ ਸੀ ਗਲੇਸ ਬੇਅ ਵਾਲਾ ਸਟੇਸ਼ਨ ਮੁੜ ਤੋਂ ਨਵਾਂ ਉਸਾਰਿਆ ਗਿਆ। ਨੀਊਯਾਰਕ ਵਿਚ ਪਹਿਲਾ ਮੁਕੱਦਮਾ ਵੀ ਜਿੱਤ ਲਿਆ ਗਿਆ ਸੀ। ਮਾਰਕੋਨੀ ਮੁੜ ਚੜ੍ਹਦੀਆਂ ਕਲਾਂ ਵਿਚ ਸੀ। ੧੯੦੯ ਵਿਚ ਉਹਨੂੰ ਭੌਤਕ ਵਿਗਿਆਨ (ਫਿਜ਼ਿਕਸ) ਦਾ ਸੰਸਾਰ ਦਾ ਸਭ ਤੋਂ ਵੱਡਾ ਸਨਮਾਨ ਨੋਬਲ ਇਨਾਮ ਵੀ ਪ੍ਰਾਪਤ ਹੋ ਗਿਆ। ਨਵੇਂ ਪਰਬੰਧ ਹੇਠ ਉਸਦੀ ਕੰਪਨੀ ਵੀ ਮੁੜ ਪੈਰਾਂ ਤੇ ਖਲੋ ਗਈ ਸੀ।

ਹੁਣ ਮਾਰਕੋਨੀ ਰੇਡੀਓ ਦੀਆਂ ਨਵੀਆਂ ਖੋਜਾਂ ਅਤੇ ਕਾਢਾਂ ਤੇ ਕੰਮ ਕਰ ਰਿਹਾ ਸੀ। ਜਿਵੇਂ ਦਿਸ਼ਾ ਲੱਭਣ ਵਾਲਾ ਜੰਤਰ। ਇਸ ਸਮੇਂ ਇਕ ਅਹਿਮ ਘਟਨਾ ਨੇ ਮਾਰਕੋਨੀ ਦੀ ਇਸ ਗੱਲ ਨੂੰ ਬਲ ਦਿਤਾ ਕਿ ਹਰ ਜਹਾਜ਼ ਵਿਚ ਰੇਡੀਓ ਵਾਇਰਲੈਸ ਜੰਤਰ ਜ਼ਰੂਰ ਹੋਣੇ ਚਾਹੀਦੇ ਹਨ। ਉਹ ਘਟਨਾ ਇਹ ਹੋਈ ਕਿ ਇਕ ਟੀਟੈਨਿਕ ਨਾਮ ਦਾ ਸਮੁੰਦਰੀ ਜਹਾਜ਼ ਸਮੁੰਦਰ ਵਿਚ ਡੁੱਬ ਗਿਆ। ਪਰ ਕਿਉਂਕਿ ਉਹਦੇ ਉਤੇ ਵਾਇਰਲੈਸ ਜੰਤਰ ਫਿਟ ਸੀ ਇਸ ਵਾਸਤੇ ਉਹਦੇ ਸੰਦੇਸ਼ ਨੂੰ ਸੁਣ ਕੇ ਦੂਸਰੇ ਜਹਾਜ਼ ਮਦਦ ਵਾਸਤੇ ਪੁੱਜ ਗਏ। ਨੀਊਯਾਰਕ ਵਿਚ ਇਸ ਜਹਾਜ਼ ਵਿਚੋਂ ਬਚੇ ਹੋਏ ੭੦੬ ਯਾਤਰੂਆਂ ਨੇ ਚੀਕ ਚੀਕ ਕੇ ਮਾਰਕੋਨੀ ਨੂੰ ਕਿਹਾ ਕਿ ਅਸੀਂ ਕੇਵਲ ਤੇਰੇ ਕਰਕੇ ਅੱਜ ਇਸ ਦੁਨੀਆ ਵਿਚ ਹਾਂ। ਇਕ


Sri Satguru Jagjit Singh Ji eLibrary NamdhariElibrary@gmail.com

ਸੋਨੇ ਦਾ ਤਮਗਾ ਉਹਨੂੰ ਦਿਤਾ ਗਿਆ। ਇੰਗਲੈਂਡ ਵਿਚ ਉਹਨੂੰ ਨਾਈਟ ਦੀ ਉਪਾਧੀ ਦਿਤੀ ਗਈ। ਇਟਲੀ ਵਿਚ ਉਹਨੂੰ ਸੈਨੇਟਰ ਬਣਾਇਆ ਗਿਆ ਅਤੇ ਮਾਰਕੁਇਸ ਦੀ ਉਪਾਧੀ ਦਿਤੀ ਗਈ। ਸੰਸਾਰ ਪੱਧਰ ਤੇ ਮੁੜ ਮਾਰਕੋਨੀ ਸਨਮਾਨਿਆ ਵਿਅਕਤੀ ਸੀ। ਪਹਿਲੀ ਸੰਸਾਰ ਜੰਗ ਦੇ ਖਾਤਮੇ ਤੇ ਉਹਨੇ ਆਪਣਾ ਇਲੈਟਰਾ ਨਾਮਕ ਜਹਾਜ਼ ਖਰੀਦ ਲਿਆ ਸੀ।

ਰੇਡੀਓ ਦੀਆਂ ਲੰਮੀਆਂ ਲਹਿਰਾਂ (ਲਾਂਗ ਰੇਡੀਓ ਵੇਵ) ਦੀਆਂ ਸਾਰੀਆਂ ਸੰਭਾਵਨਾਵਾਂ ਦਾ ਅਤਾ ਪਤਾ ਲਾ ਕੇ ਉਹਨੇ ਸ਼ਾਰਟ ਵੇਵ ਤੇ ਕੰਮ ਕਰਨਾ ਸ਼ੁਰੂ ਕੀਤਾ। ਸੰਨ ੧੯੨੭ ਨੂੰ ਉਹਨੇ ਮਨੁੱਖ ਦੀ ਆਵਾਜ਼ ਨੂੰ ਇੰਗਲੈਂਡ ਤੋਂ ਆਸਟਰੇਲੀਆ ਤਕ ਪ੍ਰਸਾਰਿਤ ਕੀਤਾ। ੧੯੩੦ ਵਿਚ ਅਸਟਰੇਲੀਆ ਦੀ ਰਾਜਧਾਨੀ ਸਿਡਨੀ ਵਿਚ ਇਕ ਨੁਮਾਇਸ਼ ਲਗੀ ਸੀ। ਇਸ ਦੀਆਂ ਰੋਸ਼ਨੀਆਂ ਨੂੰ ਮਾਰਕੋਨੀ ਨੇ ਇੰਗਲੈਂਡ ਵਿਚ ਲਗੇ ਸਵਿਚ ਨੂੰ ਦਬਾ ਕੇ ਜਗਮਗਾਇਆ ਸੀ। ਉਹਨੇ ਮੁੜਵੀਆਂ ਰੇਡੀਓ ਲਹਿਰਾਂ ਦੇ ਵੀ ਤਜਰਬੇ ਕੀਤੇ ਜਿਨ੍ਹਾਂ ਦੇ ਕਾਰਣ ਬਾਦ ਵਿਚ ਰਾਡਾਰ ਬਣ ਸਕਿਆ। ਉਹਨੇ ਟੈਲੀਵੀਯਨ ਦੀ ਕੁੰਜੀ ਅਲਟਰਾ ਸ਼ਾਰਟ ਵੇਵਜ਼ ਵਲ ਵੀ ਸੰਕੇਤ ਕੀਤੇ।

ਮਾਰਕੋਨੀ ਦੇ ਸਪੁੱਤਰ ਡੈਗਨਾ ਪਾਰਸੈਨੇ ਨੇ ਲਿਖਿਆ ਹੈ ਕਿ ਮਾਰਕੋਨੀ ਨਾਲ ਕੰਮ ਕਰਨ ਵਾਲਿਆਂ ਹਮੇਸ਼ਾ ਉਸਦੀ ਸਾਦਗੀ ਅਤੇ ਧੀਰਜ ਅਤੇ ਵਡੇ ਦਿਲ ਦੀ ਪਰਸ਼ੰਸਾ ਕੀਤੀ। ਉਹਨੂੰ ਕੰਮ ਕਰਦੇ ਨੂੰ ਗਲਬਾਤ ਦੀ ਰੋਕ ਬਿਲਕੁਲ ਪਸੰਦ ਨਹੀਂ ਸੀ। ਪਰ ਉਹ ਆਪਣੇ ਬੱਚਿਆਂ ਨਾਲ ਫਰਸ਼ ਤੇ ਘੰਟਿਆਂ ਬੱਧੀ ਬੈਠਕੇ ਬਿਜਲੀ ਦੀਆਂ ਟਰੇਨਾਂ ਨਾਲ ਖੇਡਦਾ ਰਹਿੰਦਾ।"

ਮਾਰਕੋਨੀ ਦੇ ਸਪੁੱਤਰ ਨੇ ਇਕ ਦਿਲਚਸਪ ਘਟਨਾ ਦੱਸਕੇ ਉਹਦੀ ਬੇਪਰਵਾਹੀ ਦੀ ਤਸਵੀਰ ਵੀ ਖਿੱਚੀ ਹੈ। ਇਕ ਦਿਨ ਸਾਊਥੈਂਪਟਨ ਸ਼ਹਿਰ ਵਿਚ ਕਾਰ ਤੇ ਜਾ ਰਹੇ ਸਨ ਕਿ ਕਾਰ ਦਾ ਟਾਇਰ ਫੱਟ ਗਿਆ। ਹੁਣ ਪਤਾ ਲਗਾ ਕਿ ਮਾਰਕੋਨੀ ਨੂੰ ਟਾਇਰ ਬਦਲਣਾ ਨਹੀਂ ਆਉਂਦਾ। ਮਾਰਕੋਨੀ ਵਰਗੇ ਇੰਜੀਨਰਿੰਗ ਅਤੇ ਸਾਇੰਸ ਦੇ ਮਹਾਰਥੀ ਦਾ ਟਾਇਰ ਬਦਲਣ ਜਿਹੀ ਨਗੂਣੀ ਜਿਹੀ ਗੱਲ ਤੋਂ ਅਣਜਾਣ ਹੋਣਾ ਨਿਰਸੰਦੇਹ ਸਾਰਿਆਂ ਦੇ ਹਾਸੇ ਦਾ ਕਾਰਨ ਸੀ। ਜਦੋਂ ਕੋਈ ਕਾਰ ਆਉਂਦੀ ਵੀ ਨਾ ਦਿੱਸੀ ਤਾਂ ਮਾਰਕੋਨੀ ਨੇ ਕਾਰ ਦੀ ਕਿਤਾਬ ਕੱਢੀ ਤੇ ਪੰਦਰਾਂ ਮਿੰਟ ਤੱਕ ਉਹਦੇ ਅਧਿਐਨ ਵਿਚ ਡੁੱਬਾ ਰਿਹਾ ਅਤੇ ਟਾਇਰ ਬਦਲਣ ਦੀ ਕ੍ਰਿਆ ਨੂੰ ਦਿਲਚਸਪੀ ਨਾਲ ਪੜ੍ਹਿਆ। ਆਖਰ ਥੋਹੜੀ ਸਹਾਇਤਾ ਨਾਲ ਉਹਨੇ ਸਾਰਾ ਕਾਰਜ ਕਰ ਲਿਆ।

ਸੰਨ ੧੯੩੭ ਵਿਚ ੬੩ ਸਾਲ ਦੀ ਉਮਰ ਵਿਚ ਦਿਲ ਤੇ ਹਮਲੇ ਕਾਰਨ ਮਾਰਕੋਨੀ ਨੇ ਇਸ ਦੁਨੀਆ ਦੇ ਅੰਤਲੇ ਸਵਾਸ ਲਏ। ਕੁਲ ਦੁਨੀਆ ਦੇ ਵਿਗਿਆਨਕਾਂ ਅਤੇ ਹੋਰ ਲੋਕਾਂ ਨੇ ਉਸ ਦੀ ਮਹਾਨ ਪ੍ਰਤਿਭਾ, ਖੋਜ ਦੀ ਅਮਰ ਲਗਨ ਅਤੇ ਵਿਗਿਆਨਕ ਈਮਾਨਦਾਰੀ ਨੂੰ ਸਲਾਮ ਕੀਤੀ। ਅਖਬਾਰਾਂ ਨੇ ਲਿਖਿਆ ਸਾਇੰਸ ਦੇ ਅਜੋਕੇ ਯੁਗ ਨੂੰ ਮਾਰਕੋਨੀ ਯੁਗ ਨਾਲ ਯਾਦ ਕੀਤਾ ਜਾਵੇਗਾ।

ਅੱਜ ਜਦੋਂ ਅਮਰੀਕਾ, ਰੂਸ, ਇੰਗਲੈਂਡ, ਚੀਨ, ਆਸਟਰੇਲੀਆ ਆਦਿਕ ਦੇਸ਼ਾਂ ਚੋਂ ਆਉਂਦੀਆਂ ਆਵਾਜ਼ਾਂ ਅਸੀਂ ਅਪਣੇ ਘਰ ਬੈਠਿਆਂ ਰੇਡੀਓ ਤੋਂ ਸੁਣ ਲੈਂਦੇ ਹਾਂ ਤਾਂ ਇਸ ਸਾਰੇ ਵਰਤਾਰੇ ਪਿਛੇ ਛੁਪੀ ਹਸਤੀ ਮਹਾਨ ਸਾਇੰਸਦਾਨ ਮਾਰਕੋਨੀ ਨੂੰ ਸ਼ਰਧਾਂਜਲੀ ਦੇਣੀ ਫਰਜ਼ ਬਣਦਾ ਹੀ ਹੈ।

REPUTED MANUFACTURER OF:

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER

Phone : 3805

MODERN GUN WORKS

Opp. Industrial Estate,
JAMMU CANTT.



Sri Satguru Jagjit Singh Ji eLibrary NamdhariElibrary@gmail.com

ਸੋਵੀਅਤ ਯੂਨੀਅਨ ਵਿਚ ੧੪ ਦਿਨ—(੮)

# ਮਾਸਕੋ : ਅਮਨ ਦੀ ਧੁਨ

—ਜਗਦੀਸ਼ ਸਿੰਘ

੫ ਨਵੰਬਰ ੧੯੮੭ ਵੀਰਵਾਰ : ਮਾਸਕੋ ਦੇ ਦਰਮਿਆਨ ਵਸੇ ਬੇਲਗਰੇਡ ਹੋਟਲ ਦੇ ਖਾਣੇ ਵਾਲੇ ਹਾਲ ਵਿਚ ਨਾਲੋਂ ਨਾਲ ਗੀਤ ਸੰਗੀਤ ਅਤੇ ਨਾਚ ਦਾ ਪ੍ਰੋਗਰਾਮ ਸੀ। ਇਕ ਪਾਸੇ ਯੂਰਪੀ ਬੈਂਡ ਵਜ ਰਿਹਾ ਸੀ। ਇਕ ਗਾਇਕਾ ਬਹੁਤ ਵਜਦ ਵਿਚ ਪੱਛਮੀ ਸੰਗੀਤ ਦਾ ਕੋਈ ਗੀਤ ਗਾ ਰਹੀ ਸ਼ੀ। ਅਗੇ ਕੁਝ ਯੂਰਪੀ ਜੋੜੇ ਨੱਚ ਰਹੇ ਸਨ। ਇਕ ਮਰਦ ਇਕ ਤੀਵੀਂ। ਨਚਨਾ ਖੇਡਨਾ ਇਹਨਾਂ ਦੇ ਸਭਿਆਚਾਰ ਦਾ ਹਿੱਸਾ ਹੈ। ਸਾਡੇ ਵਾਲੇ ਟੇਬਲ ਤੇ ਬੰਬਈ ਤੋਂ ਗਿਆ ਇਕ ਜੋੜਾ ਬੈਠਾ ਸੀ। ਸੁਆਣੀ ਦੇ ਪੈਰ ਬੈਠੀ ਬੈਠੀ ਦੇ ਥਿਰਕ ਰਹੇ ਸਨ ਉਸਦਾ ਜੀਅ ਕਰਦਾ ਸੀ ਕਿ ਉਹ ਵੀ ਥੋਹੜਾ ਨੱਚ ਲਵੇ। ਬੀਬੀ ਦੀ ਸਿਹਤ ਚੰਗੀ ਸੀ ਅਤੇ ਉਹ ਆਖਰ ਮੈਦਾਨ ਵਿਚ ਉਤਰ ਹੀ ਪਈ। ਉਸਦਾ ਮਰਦ ਕਾਇਆਂ ਵਲੋਂ ਹੌਲਾ ਸੀ। ਉਹ ਸਾਨੂੰ ਆਪਣੀ ਪਤਨੀ ਦੀਆਂ ਲਗਾਤਾਰ ਸਿਫਤਾਂ ਦੱਸਣ ਲਗਾ ਕਿ ਇਸਨੂੰ ਨਾਚ ਅਤੇ ਡਰਾਮੇ ਦਾ ਬਹੁਤ ਸ਼ੌਕ ਹੈ। ਇਹ ਬਹੁਤ ਸਾਰੇ ਨਾਚ ਮੁਕਾਬਲਿਆਂ ਨੂੰ ਜਿੱਤ ਚੁੱਕੀ ਹੈ। ਜਾਪਦਾ ਸੀ ਜਿਵੇਂ ਆਪਣੀ ਸੁਆਣੀ ਦਾ ਉਹ ਦੀਵਾਨਾ ਹੋਵੇ। ਸਿਫਤਾਂ ਦੇ ਪੁਲ ਬੰਨ੍ਹ ਦਿਤੇ। ਮੈਂ ਕਿਹਾ ਜਾ ਕੇ ਤੂੰ ਵੀ ਆਪਣੀ ਔਰਤ ਨਾਲ ਨੱਚ ਤਾਂ ਕਹਿਣ ਲਗਾ ਨਹੀਂ ਮੈਂ ਨਹੀਂ ਨਾਚੂੰਗਾ। ਇਸ ਵੇਲੇ ਤੱਕ ਪਹਿਲੇ ਜੋੜੇ ਹੱਟ ਚੁੱਕੇ ਸਨ। ਇਕ ਇਹ ਬੰਬਈ ਵਾਲੀ ਬੀਬੀ ਰਹਿ ਗਈ ਤੇ ਇਕ ਬੁੱਢਾ ਜਿਹਾ ਗੋਰਾ ਉੱਠਕੇ ਨੱਚਣ ਲਗਾ। ਬੀਬੀ ਚੁਟਕੀਆਂ ਵਜਾ ਕੇ ਤਾਲ ਦੇ ਦੇ ਕੇ ਨੱਚ ਰਹੀ ਸੀ। ਗੋਰੇ ਬਾਬੇ ਨੂੰ ਵੀ ਨਾਚ ਬਹੁਤ ਵਧੀਆ ਲਗ ਰਿਹਾ ਸੀ। ਅਤੇ ਉਹ ਹਰ ਅਦਾ ਤੇ ਸੰਕੇਤਾਂ ਨਾਲ ਦਾਦ ਦੇ ਰਿਹਾ ਸੀ। ਹੌਲੀ ਹੌਲੀ ਇਸ ਨਾਚ ਦੇ ਰਿਵਾਜ ਮੁਤਾਬਕ ਗੋਰੇ ਨੇ ਭਾਰਤੀ ਬੀਬੀ ਦਾ ਹੱਥ ਫੜ ਲਿਆ। ਹੁਣ ਬੀਬੀ ਵਿਚ ਭਾਰਤੀਪੁਣਾ ਜਾਗ ਪਿਆ। ਉਹ ਨਚਣਾ ਵੀ ਚਾਹੁੰਦੀ ਸੀ ਅਤੇ ਇਸ ਵਕਤ ਪਰਾਏ ਮਰਦ ਦਾ ਸਪਰਸ਼ ਵੀ ਨਹੀਂ ਸੀ ਚਾਹੁੰਦੀ। ਉਹ ਹੱਥ ਛੁਡਾਵੇ ਉਹ ਪਕੜੇ ਇਹ ਸਾਡੇ ਸਾਹਮਣੇ ਹੋ ਰਿਹਾ ਸੀ। ਅੰਤ ਦੂਰੋਂ ਦੂਰੋਂ ਦੋ ਕੁ ਸਟੈਪ ਲੈ ਕੇ ਬੀਬੀ ਸਾਡੇ ਟੇਬਲ ਤੇ ਆ ਕੇ ਬੈਠ ਗਈ। ਹਾਜ਼ਰ ਮੈਂਬਰਾਂ ਨੇ ਤਾਲੀਆਂ ਮਾਰ ਮਾਰ ਕੇ ਸੁਆਗਤ ਕੀਤਾ। ਆਧੁਨਿਕ ਦੁਨੀਆ ਦੇ ਸਭਿਆਚਾਰ ਵਿਚ ਭਾਰਤ ਦੇ ਸੰਸਕਾਰ ਹਾਵੀ ਹੋ ਗਏ ਸਨ।

ਖਾਣੇ ਪਿਛੋਂ ਅਸੀਂ ਆਪਣੇ ਕਮਰੇ ਵਿਚ ਆਏ। ਇਥੇ ਬਹਿ ਕੇ ਅਸੀਂ ਮਾਸਕੋ ਵਿਚ ਅਪਣੇ ਮਿੱਤਰਾਂ ਨੂੰ ਟੈਲੀਫੋਨ ਕਰਨੇ ਸਨ। ਮੇਰੇ ਤੇ ਸ: ਅਮਰ ਸਿੰਘ ਮੋਗਾ ਦੇ ਮਾਸਕੋ ਵਾਸੀ ਮਿੱਤਰ ਲਗ ਭਗ ਸਾਂਝੇ ਸਨ। ਉਹਨਾਂ ਨੇ ਜਿਹੜੇ ਟੈਲੀਫੋਨ ਨੰਬਰ ਲਿਆਂਦੇ ਸਨ। ਉਹਨਾਂ ਵਿਚ ਮਾਸਕੋ ਰੇਡੀਓ ਦੇ ਸ: ਜਸਵੰਤ ਸਿੰਘ ਅਤੇ ਲਮੂੰਬਾ ਯੂਨੀਵਰਸਿਟੀ ਦੇ ਵਿਦਿਆਰਥੀ ਨਵਪ੍ਰੀਤ ਸਿੰਘ ਸਨ। ਇਹ ਸਜਨ ਤਾਂ ਮੇਰੇ ਸ਼ਹਿਰ ਦੇ ਅਤੇ ਦੋਸਤ ਮਿੱਤਰ ਸਨ। ਜਸਵੰਤ ਸਿੰਘ ਅਤੇ ਮੈਂ ਤਾਂ ਸੰਨ ਸੰਤਾਲੀ ਤੋਂ ਪਹਿਲਾਂ ਦੇ ਭਾਵ ਬਚਪਨ ਦੇ ਵਾਕਫ ਸਾਂ ਅਤੇ ਨਵਪ੍ਰੀਤ ਤਾਂ ਆਪਣਾ ਹੀ ਲਵਲੀ ਸੀ। ਬਾਬਾ ਜੀ ਸ: ਗੁਰਬਖਸ਼ ਸਿੰਘ ਬੰਨੋਆਣਾ ਦਾ ਹੀ ਸਾਹਿਬਜ਼ਾਦਾ! ਮੇਰੇ ਆਉਣ ਬਾਰੇ ਉਸਨੂੰ ਪਹਿਲਾਂ ਹੀ ਚਿੱਠੀਆਂ ਪੁਜ ਚੁੱਕੀਆਂ ਸਨ। ਸ: ਜਸਵੰਤ ਸਿੰਘ ਜੀ ਫੋਨ ਤੇ ਮਿਲ ਪਏ। ਉਹਨਾਂ ਨੂੰ ਸਾਡੇ ਆਉਣ ਦੀ ਪਰਸੰਨਤਾ ਤਾਂ ਬਹੁਤ ਸੀ ਪਰ ਨਾਲ ਉਹਨਾਂ ਦਾ ਮਸ਼ਵਰਾ ਸੀ ਕਿ ਜਿੰਨਾ ਮਾਸਕੋ, ਇੰਟੂਰਿਸਟ ਮਹਿਕਮੇ ਨੇ ਸਾਨੂੰ ਵਿਖਾ ਦੇਣਾ ਹੈ ਉਹਨਾਂ ਉਹ ਨਹੀਂ ਵਿਖਾ ਸਕਣਗੇ ਅਤੇ ਸ਼ਾਇਦ ਉਹਨਾਂ ਆਪ ਵੀ ਨਾ ਵੇਖਿਆ ਹੋਵੇ। ਇਸ ਵਾਸਤੇ ਬਣੇ ਪ੍ਰੋਗਰਾਮ ਨੂੰ ਤੋੜਿਆ ਨਾ ਜਾਵੇ। ਦੂਸਰਾ ਉਹ ੭ ਨਵੰਬਰ ਦੇ ਜਸ਼ਨਾਂ ਵਿਚ ਏਨੇ ਰੁੱਝੇ ਹਨ ਕਿ ਵਕਤ ਨਹੀਂ ਕਢ ਸਕਣਗੇ। ਘੁਮਨ ਫਿਰਨ ਤੋਂ ਬਾਅਦ ਜੇ ਸਮਾਂ ਨਿਕਲ ਸਕੇ ਤਾਂ ਉਹ ਮਿਲਣ ਆਉਣਗੇ ਜਾਂ ਅਸੀਂ ਜਾਈਏ। ਇਕ ਦੋ ਥਾਂ ਹੋਰ ਵੀ ਫੋਨ ਕੀਤੇ ਹਰ ਇਕ ਦੀ ਜ਼ਬਾਨ ਤੇ ਸੀ ਕਿ ਸਾਡੇ ਵਾਸਤੇ ਸਭ ਤੋਂ ਯੋਗ ਬੰਦਾ ਨਵਪ੍ਰੀਤ ਹੀ ਸੀ। ਉਸ ਨੂੰ ਇਤਲਾਹ ਕਰ ਦਿਤੀ ਜਾਵੇਗੀ।

ਬਾਦ ਦੁਪਹਿਰ ਸਾਡਾ ਖਾਲੀ ਸਮਾਂ ਸੀ। ਅਸੀਂ ਆਜ਼ਾਦਾਨਾ ਤੌਰ ਤੇ ਆਲੇ ਦੁਆਲੇ ਘੁੰਮੇ। ਨਾਲ ਹੀ ਕੈਲੀਨਿਅਨ ਸਟਰੀਟ ਇਥੋਂ ਦਾ ਬਹੁਤ ਵੱਡਾ ਵਪਾਰਕ ਕੇਂਦਰ ਹੈ। ਸਾਮਾਨ ਵੇਚਣ ਵਾਲੇ ਵੱਡੇ ਵੱਡੇ ਸਟੋਰ ਹਨ। ਉਥੇ ਬਹੁਤ ਮੇਲਾ ਲਗਾ ਹੋਇਆ ਸੀ ਜਿਵੇਂ ਦਿੱਲੀ ਦੇ ਕਰੋਲ ਬਾਗ ਜਾਂ ਕਨਾਟ ਪਲੇਸ ਵਿਚ ਹੁੰਦਾ ਹੈ। ਹਰ ਪ੍ਰਕਾਰ ਦਾ ਸਾਮਾਨ ਇਥੇ ਮਿਲ ਜਾਂਦਾ ਹੈ। ਵਧੀਆ ਹੀਰਿਆਂ ਅਤੇ ਸੋਨੇ ਦੀਆਂ ਵਸਤੂਆਂ, ਸ਼ੀਸ਼ੇ ਦੀ ਕਟਲਰੀ, ਕਪੜੇ ਅਤੇ ਰੱਸੀਆਂ ਤਕ। ਮੈਂ ਹੋਰ ਸਾਮਾਨ ਤੋਂ ਇਲਾਵਾ ਇਹ ਨਾਇਲਨ ਦੀ ਰੱਸੀ ਦਾ ਗੁੱਛਾ ਖਰੀਦਿਆ ਆਪਣੇ ਸੂਟ ਕੇਸ ਨੂੰ ਬੰਨਣ ਵਾਸਤੇ। ਤਾਸ਼ਕੰਦ ਅੱਡੇ ਦਾ ਟੁੱਟਿਆ ਅਜੇ ਤਕ ਕਪੜੇ ਨਾਲ ਹੀ ਬੰਨਿਆ ਹੋਇਆ ਸੀ। ਖਾਣ ਪੀਣ ਦੇ ਸਟੋਰਾਂ ਤੇ ਸਭ ਤੋਂ ਵਧ ਭੀੜ ਸੀ। ਬੂਟ, ਕੋਟ ਅਤੇ ਪਹਿਨਣ ਦਾ ਸਾਮਾਨ ਮਹਿੰਗਾ ਸੀ। ਲੋਕ ਧੜਾ ਧੜ ਖਰੀਦ ਰਹੇ ਸਨ।

ਤਿੰਨ ਘੰਟੇ ਦੀ ਇਸ ਸੜਕ ਗਰਦੀ ਬਾਦ ਅਸੀਂ ਵਾਪਸ ਹੋਟਲ ਆਏ ਤਾਂ ਅਗੇ ਲਾਬੀ ਵਿਚ ਨਵਪ੍ਰੀਤ ਸਿੰਘ



Sri Satguru Jagjit Singh Ji eLibrary NamdhariElibrary@gmail.com

'ਲਵਲੀ' ਸਾਡਾ ਇੰਤਜ਼ਾਰ ਕਰ ਰਿਹਾ ਸੀ। ਉਸ ਦਸਿਆ ਕਿ ਮੈਂ ਤਾਂ ਕਿੰਨੇ ਦਿਨਾਂ ਤੋਂ ਤੁਹਾਡੀ ਉਡੀਕ ਵਿਚ ਸਾਂ। ਅੱਜ ਬਿੜਕ ਮਿਲਦਿਆਂ ਹੀ ਮੈਂ ਪੁਜ ਗਿਆਂ। ਕਮਰੇ ਵਿਚ ਜਾ ਕੇ ਅਸਾਂ ਗੱਲਾਂ ਬਾਤਾਂ ਕੀਤੀਆਂ। ਮੈਨੂੰ ਜਲੰਧਰੋਂ ਬੰਨੋਆਣਾ ਜੀ ਨੇ ਉਹਦੇ ਵਾਸਤੇ ਕੁਝ ਨਿਕ ਸੁੱਕ ਕਾਫ਼ੀ, ਚਾਹ, ਟੁੱਥ ਪੇਸਟ ਆਦਿਕ ਲੈ ਕੇ ਦਿਤੇ ਸਨ ਨਾਲ ਮਾਤਾ ਪਿਤਾ ਦੀ ਚਿੱਠੀ ਸੀ। ਉਹ ਮੈਂ ਉਹਦੇ ਹਵਾਲੇ ਕੀਤੀ। ਦਿੱਲੀ ਤੋਂ ਮੈਂ ਕੁਝ ਨਮਕੀਨ ਖਰੀਦ ਲਿਆ ਸੀ ਕਿਉਂਕਿ ਵਿਦਾਇਗੀ ਸਮਾਰੋਹ ਵਿਚ ਇਹ ਅਖਿਆ ਗਿਆ ਸੀ ਕਿ ਨਮਕੀਨ ਆਦਿ ਲੈ ਜਾਣਾ ਚੰਗਾ ਰਹੇਗਾ।

ਇਸ ਨਮਕੀਨ ਦੀ ਸਾਨੂੰ ਤਾਂ ਲੋੜ ਪਈ ਨਹੀਂ ਸੀ ਕਿਉਂਕਿ ਛਕਣ ਵਾਸਤੇ ਸਭ ਕੁਝ ਉਪਲਬਦ ਸੀ। ਪਰ ਦਾਰੂ ਪੀਣ ਵਾਲੇ ਸਾਡੇ ਕੁਝ ਸਾਥੀ ਇਸ ਦੀ ਤੋਟ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਸਨ। ਉਹ ਬਾਜ਼ਾਰੋਂ ਖਰੀਦਣ ਵਾਸਤੇ ਵੀ ਜਤਨਸ਼ੀਲ ਸਨ ਪਰ ਅਜੇ ਤਕ ਸਫਲਤਾ ਨਹੀਂ ਸੀ ਮਿਲੀ। ਮੈਂ ਸੋਚਿਆ ਸੀ ਕਿ ਅੱਜ ਆਪਣਾ ਨਮਕੀਨ ਵਾਲਾ ਪੈਕਟ ਉਹਨਾਂ ਨੂੰ ਦੇ ਕੇ ਉਹਨਾਂ ਨੂੰ ਵੀ ਖੁਸ਼ ਕਰਾਂਗਾ ਅਤੇ ਅਪਣਾ ਭਾਰ ਵੀ ਹੌਲਾ ਕਰਾਂਗਾ। ਇਸ ਵਾਸਤੇ ਪੈਕਟ ਕੱਢ ਕੇ ਮੇਜ਼ ਤੇ ਰਖਿਆ ਹੋਇਆ ਸੀ। ਬਾਕੀ ਸੁਗਾਤਾਂ ਤਾਂ ਅਸੀਂ ਆਪ ਲਵਲੀ ਨੂੰ ਦਿਤੀਆਂ। ਨਮਕੀਨ ਪੈਕਟ ਉਹਨੇ ਖੁਦ ਸਾਂਭ ਲਿਆ। "ਅੰਕਲ ਜੀ ਆਹ ਜ਼ਰੂਰ ਮੈਂ ਲੈ ਜਾਣੈ। ਇਹ ਮਸਾਂ ਛੇ ਮਹੀਨਿਆਂ ਬਾਦ ਕਿਤੇ ਹੱਥ ਲਗਦੈ।" ਇਹ ਕਹਿ ਕੇ ਪੈਕਟ ਉਹਨੇ ਅਪਣੇ ਬੈਗ ਵਿਚ ਪਾ ਲਿਆ। ਜੇ ਲਮੂਬਾ ਮਿਤਰਤਾ ਯੂਨੀਵਰਸਟੀ ਵਿਚ ਡਾਕਟਰੀ ਪੜ੍ਹਦਾ ਸਾਡਾ ਅਜ਼ੀਜ਼ ਇਸ ਨਮਕੀਨ ਨਾਲ ਖੁਸ਼ ਹੋ ਗਿਆ ਤਾਂ ਸਾਨੂੰ ਹੋਰ ਗਿਫਟ ਦੇਣ ਦੀ ਕੀ ਫਿਕਰ ਸੀ।

ਲਵਲੀ ਨਾਲ ਤੈਅ ਹੋਇਆ ਕਿ ਅਗਲੇ ਦਿਨ ਬਾਦ ਦੁਪਹਿਰ ਸਾਡੇ ਕੋਲ ਆਵੇਗਾ ਤਾਂ ਅਸੀਂ ਉਹਦੇ ਨਾਲ ਬਾਜ਼ਾਰ ਘੁਮਣ ਜਾਵਾਂਗੇ ਤੇ ਕੁਝ ਵਸਤੂਆਂ ਖਰੀਦ ਲਵਾਂਗੇ। ਆਪਣੇ ਬੰਦੇ ਨਾਲ ਘੁਮਣ ਨਾਲ ਸਹੂਲਤ ਰਹੇਗੀ—ਅਪਣੇ ਤੌਰ ਤੇ ਸ਼ਹਿਰ ਵੀ ਵੇਖ ਲਵਾਂਗੇ ਅਤੇ ਹੋਰ ਕੁਝ ਵੀ। ਬਹੁਤ ਸਾਰੀਆਂ ਗੱਲਾਂ ਕੀਤੀਆਂ ਅਤੇ ਖਾਸ ਕਰਕੇ ਪਰਸੋਂ ੭ ਨਵੰਬਰ ਨੂੰ ਹੋਣ ਵਾਲੀ ਪਰੇਡ ਬਾਰੇ। ਮੌਸਮ ਦੇ ਮਹਿਕਮੇ ਦੀ ਭਵਿਖਬਾਣੀ ਸੀ ਕਿ ਬੱਦਲ ਹੋਣਗੇ, ਬਾਰਸ਼ ਹੋਵੇਗੀ। ਲਵਲੀ ਕਹਿਣ ਲਗਾ ਅੰਕਲ ਜੀ ਤੁਸੀਂ ਰੂਸੀਆਂ ਨੂੰ ਨਹੀਂ ਜਾਣਦੇ। ਇਹ ਹਰ ਵਾਰ ਇੰਜ ਕਹਿੰਦੇ ਹਨ ਪਰ ਹਰ ਵਾਰ ਸੱਤ ਨਵੰਬਰ ਨੂੰ ਧੁੱਪ ਨਿਕਲੀ ਹੁੰਦੀ ਹੈ। ਅਸਾਂ ਪੁੱਛਿਆ ਕਿ ਕੀ ਇਹ ਗੱਲ ਸੱਚ ਹੈ ਕਿ ਇਹ ਸਾਇੰਸ ਦੀ ਮਦਦ ਨਾਲ ਬੱਦਲ ਸਾਫ ਕਰ ਦਿੰਦੇ ਨੇ। ਕਹਿਣ ਲਗਾ ਇਹ ਤਾਂ ਪਤਾ ਨਹੀਂ ਪਰ ਪਰਸੋਂ ਤੁਸੀਂ ਦੇਖ ਲੈਣਾ ਧੁੱਪ ਜ਼ਰੂਰ ਨਿਕਲੇਗੀ। ਅਗਲੇ ਦਿਨ ਦਾ ਪ੍ਰੋਗਰਾਮ ਬਣਾ ਕੇ ਲਵਲੀ ਚਲਾ ਗਿਆ। ਅਪਣੀ ਗੱਲਬਾਤ ਨਾਲ ਸਭ ਨੂੰ ਪ੍ਰਭਾਵਤ ਕਰ ਗਿਆ ਸੀ। ਜਲੰਧਰ ਵਾਲਾ ਇਕ ਲਾਡਖੋਰਾ ਬੱਚਾ ਇਕ ਉੱਚਾ ਲੰਮਾ ਪਗੜੀ ਕੇਸਾਂ ਵਾਲਾ ਜ਼ੁਮੇਵਾਰ ਵਿਅਕਤੀ ਬਣ ਚੁੱਕਾ ਸੀ। ਮਾਸਕੋ ਵਿਚਲੇ ਭਾਰਤੀਆਂ ਵਿਚੋਂ ਸਿਰਕਢਵਾਂ।

ਅਸੀਂ ਪ੍ਰੋਗਰਾਮ ਅਨੁਸਾਰ ਖਾਣੇ ਬਾਦ ਰੂਸੀ ਸਰਕਸ ਤੇ ਜਾਣ ਦੀ ਤਿਆਰੀ ਕੀਤੀ।

ਇਸੇ ਦੌਰਾਨ ਇਕ ਹੋਰ ਖਬਰ ਸੁਣ ਲਈ ਉਹ ਸੀ ਕਿ ਕ੍ਰਿਕਟ ਦਾ ਵਿਸ਼ਵ ਕੱਪ 'ਰਿਲਾਇੰਸ ਕੱਪ' ਆਸਟਰੇਲੀਆ ਨੇ ਜਿੱਤ ਲਿਆ ਹੈ। ਸਾਡੇ ਕੁਝ ਨੌਜਵਾਨ ਕ੍ਰਿਕਟ ਦੀ ਕੰਨਸੋਅ ਰੂਸ ਤਕ ਰਖਦੇ ਰਹੇ। ਉਹਨਾਂ ਦਾ ਟ੍ਰਾਂਜ਼ਿਸਟਰ ਤਾਸ਼ਕੰਦ ਤੱਕ ਤਾਂ ਭਾਰਤੀ ਸਟੇਸ਼ਨ ਫੜਦਾ ਰਿਹਾ। ਤਾਸ਼ਕੰਦ ਵਿਚ ਉਹਨਾਂ ਇਹ 'ਖੁਸ਼ਖਬਰੀ' ਸੁਣਾਈ ਸੀ ਕਿ ਪਾਕਿਸਤਾਨ ਸੈਮੀਫਾਈਨਲ ਹਾਰ ਗਿਆ ਹੈ—ਇਸ ਵਾਸਤੇ ਭਾਰਤ ਦਾ ਚੈਂਪੀਅਨ ਬਨਣਾ ਯਕੀਨੀ ਹੈ। ਉਸ ਬਾਦ ਕੋਈ ਉਘ ਸੁਘ ਨਹੀਂ ਸੀ ਨਿਕਲੀ। ਅਸਾਂ ਪੁਛਿਆ ਤੁਸੀਂ ਅੱਜ ਦੀ ਖਬਰ ਕਿਥੋਂ ਪਤਾ ਕੀਤੀ ਹੈ। ਕਹਿਣ ਲਗੇ ਜੀ ਭਾਰਤੀ ਦੂਤਘਰ ਨੂੰ ਟੈਲੀਫੋਨ ਕਰਕੇ ਪੁੱਛਿਆ ਸੀ। ਉਹਨਾਂ ਨੇ ਇਹ ਖਬਰ ਦਿਤੀ ਹੈ। ਇਸ ਖਬਰ ਦੇ ਨਾਲ ਹੀ ਕ੍ਰਿਕਟ ਫੋਬੀਏ ਦਾ ਰਹਿੰਦਾ ਬੁਖਾਰ ਵੀ ਉਤਰ ਗਿਆ।

ਸੋਵੀਅਤ ਯੂਨੀਅਨ ਦੀ ਸਰਕਸ ਦੀਆਂ ਧੁਮਾਂ ਸਾਰੇ ਸੰਸਾਰ ਵਿਚ ਹਨ। ਸਕੂਲ ਵਿਚ ਪੜ੍ਹਦਿਆਂ ਇਕ ਫਿਲਮ ਸੋਵੀਅਤ ਸਰਕਸ ਦੀ ਦੇਖੀ ਸੀ ਅਤੇ ਉਹ ਅਭੁਲ ਯਾਦ ਬਣ ਗਈ ਸੀ।

ਤਾਸ਼ਕੰਦ ਵਿਚ ਜਦੋਂ ਇਕ ਮੌਕੇ ਸਾਨੂੰ ਪੁੱਛਿਆ ਗਿਆ ਸੀ ਕਿ ਚੋਣ ਕਰ ਲਵੋ ਕਿ ਨੁਮਾਇਸ਼ ਦੇਖਣੀ ਹੈ ਜਾਂ ਅਜਾਇਬ ਘਰ ਤਾਂ ਸਾਡੇ ਚੋਂ ਕਈ ਭਦਰ ਪੁਰਸ਼ ਐਸੇ ਸਨ ਜਿਨ੍ਹਾਂ ਦਾ ਜਵਾਬ ਸੀ ਕਿ ਅਸੀਂ ਸਰਕਸ ਦੇਖਾਂਗੇ। ਉਹ ਲੈਨਿਨਗਰਾਦ ਦੇ ਬੈਲੇ ਡਾਂਸ ਤੋਂ ਵੀ ਸਰਕਸ ਨੂੰ ਤਰਜੀਹ ਦਿੰਦੇ ਸਨ। ਸਰਕਸ ਵਾਸਤੇ ਉਹਨਾਂ ਦੀ ਤੜਪ ਅੱਜ ਮਿਟਣੀ ਸੀ। ੭ ਨਵੰਬਰ ਦੇ ਜਸ਼ਨਾਂ ਵਾਸਤੇ ਭਾਰਤੀ ਦੁਲਹਣ ਦੇ ਘਰ ਵਾਂਗ ਸਜਾਈਆਂ ਰੌਸ਼ਨੀਆਂ ਵਿਚ ਚੌੜੀਆਂ ਸੜਕਾਂ ਉਤੇ ਬਾਗਾਂ ਅਤੇ ਫੁੱਲਾਂ ਵਿਚੋਂ ਦੌੜੀਆਂ ਜਾਂਦੀਆਂ ਬਸਾਂ ਸਾਨੂੰ ਇਕ ਵਿਸ਼ਾਲ ਖੁਲੇ ਮੈਦਾਨ ਵਿਚ ਲੈ ਗਈਆਂ। ਪੱਕੇ ਕੰਕਰੀਟ ਦਾ ਗੋਲਾਕਾਰ ਵਿਚ ਬਣਿਆ ਸਰਕਸ ਭਵਨ ਬਿਜਲੀ ਦੇ ਲਾਟੂਆਂ ਅਤੇ ਨੀਉਨ ਸਾਈਨਾਂ ਵਿਚ ਨੂਰੋ ਨੂਰ ਹੋਇਆ ਪਿਆ ਸੀ। ਆਲੇ ਦੁਆਲੇ ਬਾਹਲੀ ਖਲਕਤ ਸੀ। ਇਸ ਵਾਤਾਵਰਨ ਵਿਚ ਕੁਝ ਤੁਰ ਕੇ ਸਰਕਸ ਹਾਲ ਵਲ ਜਾਣਾ


Sri Satguru Jagjit Singh Ji eLibrary NamdhariElibrary@gmail.com

ਬਾਹਲਾ ਮੰਗਲਮਈ ਲਗ ਰਿਹਾ ਸੀ। ਹਜ਼ਾਰਾਂ ਦਰਸ਼ਕਾਂ ਨੇ ਅੰਦਰ ਜਾਣਾ ਸੀ ਅਤੇ ਹਜ਼ਾਰਾਂ ਦੇ ਕੋਟ ਟੰਗਣ ਵਾਸਤੇ ਜਗਾ ਸੀ। ਟਿਕਟਾਂ ਸਾਡੀਆ ਟੂਰ ਗਾਈਡਾਂ ਨੇ ਸਾਨੂੰ ਫੜਾ ਦਿਤੀਆਂ ਸਨ ਅਸੀਂ ਅਪਣੇ ਕੋਟ, ਓਵਰ ਕੋਟ ਜਮਾਂ ਕਰਵਾ ਕੇ ਅਪਣੇ ਅਪਣੇ ਥਾਵਾਂ ਤੇ ਚਲੇ ਗਏ ਸਾਂ।

ਸਰਕਸ ਦਾ ਅੰਦਰਲਾ ਹਾਲ ਗਹਿਮਾ ਗਹਿਮ ਸੀ। ਸਾਡੇ ਆਲੇ ਦੁਆਲੇ ਤਾਂ ਸਭ ਵਿਦੇਸ਼ੀ ਹੀ ਸਨ। ਬਹੁ-ਰੰਗੇ ਉਚੇ ਨੀਵੇਂ ਮੋਟੇ ਪਤਲੇ ਮਰਦ ਅਤੇ ਤੀਵੀਆਂ। ਸੀਟਾਂ ਬਹੁਤ ਆਰਾਮਦੇ ਪਕੀਆਂ ਹੀ ਲਗੀਆਂ ਸਨ। ਥਲੇ ਸਰਕਸ ਦਾ ਗੋਲ ਸਥਾਨ 'ਏਰੀਨਾ' ਸੀ ਅਤੇ ਆਲੇ ਦੁਆਲੇ ਬਹੁਤ ਉਚੀਆਂ ਅਤੇ ਬਹੁਤ ਨੇੜੇ ਕੁਰਸੀਆਂ ਦਾ ਤਾਣਾ ਬਾਣਾ ਸੀ। ਸਾਡੇ ਗਰੁਪ ਨੂੰ ਵਖ ਵਖ ਥਾਵਾਂ ਤੇ ਸੀਟਾਂ ਮਿਲੀਆਂ ਸਨ। ਅਸੀਂ ਛੇ ਜਣੇ, ਜੈ ਕਿਸ਼ਨ ਸੈਣੀ, ਸ: ਅਮਰ ਸਿੰਘ, ਗੁਰਦੀਪ ਸਿੰਘ, ਬਲਰਾਜ ਭੰਡਾਰੀ ਅਤੇ ਇਕ ਅੱਧਾ ਹੋਰ ਇਕ ਥਾਂ ਬੈਠੇ ਸਾਂ। ਖੁਲੇ ਏਰੀਏ ਦੇ ਬਿਲਕੁਲ ਲਾਗੇ ਬੈਠੇ ਗੁਰਦਾਸਪੁਰ ਵਾਲੇ ਡਾਕਟਰ ਅਸ਼ੋਕ ਉਬਰਾਏ ਨੂੰ ਵੇਖ ਕੇ ਗੁਰਦੀਪ ਸਿੰਘ ਕਹਿਣ ਲਗਾ ਉਹਨਾਂ ਆਪਣੀਆਂ ਸੀਟਾਂ ਲਾਗੇ ਦੀ ਲੈ ਲਈਆਂ ਹਨ। ਮੈਂ ਕਿਹਾ ਸਰਦਾਰ ਗੁਰਦੀਪ ਸਿੰਘ ਵੇਖਣਾ ਜਦੋਂ ਸ਼ੋ ਸ਼ੁਰੂ ਹੋਇਆ ਨੇੜੇ ਵਾਲਿਆਂ ਦੂਰ ਹੋ ਜਾਣੈ।

ਤੇ ਹੁਣ ਤਮਾਸ਼ਾ ਸ਼ੁਰੂ ਹੋਇਆ। ਸੰਗੀਤ ਦੀ ਮਿੱਠੀ ਧੁਨ ਦੇ ਨਾਲ ਬੱਤੀਆਂ ਦਾ ਪ੍ਰਕਾਸ਼ ਮੱਠਾ ਹੋਇਆ। ਇਸ ਹਨੇਰੇ ਵਿਚ ਕੁਝ ਚਮਕਦੇ ਸਿਤਾਰੇ ਜਿਹੇ ਉਭਰੇ ਜੋ ਇਨਸਾਨੀ ਸੂਰਤਾਂ ਦਾ ਰੂਪ ਧਾਰਨ ਕਰ ਗਏ। ਪ੍ਰਕਾਸ਼ ਮੁੜ ਵਧਣ ਲਗਾ ਕਲਾਕਾਰਾਂ ਮੁੰਡੇ ਕੁੜੀਆਂ ਰੰਗ ਬਰੰਗੀਆਂ ਵੇਸ਼ ਭੂਸ਼ਾਵਾਂ ਵਿਚ ਇਵੇਂ ਆਏ ਜਿਵੇਂ ਕਿ ਬਗੀਚੇ ਵਿਚ ਭਰਪੂਰ ਫੁੱਲ ਲਗੇ ਹੋਣ।

ਸਰਕਸ ਦੇ ਕਰਤੱਬ ਇਕ ਕਲਾ ਹੈ ਪਰ ਰੂਸੀਆਂ ਤਾਂ ਇਸ ਨੂੰ ਸੂਖਮ ਕਲਾ ਹੀ ਬਣਾ ਦਿਤੇ। ਉਂਜ ਵੀ ਰੂਸ ਦੇ ਯੁਵਕ ਜਮਨਾਸਟਿਕ ਵਿਚ ਮਾਹਰ ਹਨ ਇਸ ਵਾਸਤੇ ਇਹ ਕਲਾ ਸਰਕਸ ਵਿਚ ਸਿਖਰ ਤੇ ਹੈ। ਇਸ ਸਰਕਸ ਵਿਚ ਜਾਨਵਰਾਂ ਦੀਆਂ ਖੇਡਾਂ ਘਟ ਸਨ ਪਰ ਇਨ-ਸਾਨੀ ਕਲਾਕਾਰਾਂ ਦੇ ਕਰਤੱਬ ਵੇਖ ਕੇ ਇਵੇਂ ਲਗ ਰਿਹਾ ਸੀ ਕਿ ਜਿਵੇਂ ਅਸੀਂ ਆਕਾਸ਼ ਵਿਚ ਤਾਰਿਕਾ ਮੰਡਲ ਵਿਚ ਬੈਠੇ ਹੋਈਏ ਤੇ ਸਾਡੇ ਆਲੇ ਦੁਆਲੇ ਸਿਤਾਰੇ ਗਰਦਸ਼ ਕਰ ਰਹੇ ਹੋਣ। ਸਾਰਾ ਸਰਕਸ ਦਾ ਆਕਾਸ਼ ਕਲਾਕਾਰਾਂ ਦਾ ਕਾਰਜ ਖੇਤਰ ਸੀ। ਕਈ ਸਾਡੇ ਬਹੁਤ ਕਰੀਬ ਉਡਾਰੀਆਂ ਮਾਰ ਰਹੇ ਸਨ ਉਸ ਵੇਲੇ ਥਲੇ ਬੈਠਿਆਂ ਨੂੰ ਮੂੰਹ ਉਤਾਂਹ ਨੂੰ ਚੁਕਣੇ ਪੈਂਦੇ ਛਨ। ਕਲਾਕਾਰੀ ਦੇ ਨਾਲ ਮਾਸਕੋ ਦੀ ਸਰਕਸ ਚੰਗੇ ਸਾਹਿਤ ਅਤੇ ਸੰਗੀਤ ਵਰਗਾ ਵੀ ਅਨੰਦ ਦੇ ਰਹੀ ਸੀ।

ਧਰਤੀ ਅਤੇ ਆਕਾਸ਼ ਦਾ ਹੇਰਵਾ ਪ੍ਰੇਮੀਆਂ ਦੇ ਮਿਲਣ ਦੀ ਸਿੱਕ ਉਹਨਾਂ ਕਾਵਿ ਮਈ ਢੰਗ ਨਾਲ ਪ੍ਰਗਟ ਕੀਤੀ ਸੀ। ਸਾਰੀ ਸਰਕਸ ਨਵੇਂ ਪੁਰਾਣੇ ਥੀਮਾਂ ਤੇ ਆਧਾਰਤ ਸੀ। ਅਜ ਕਲ ਦੇ ਯੁਗ ਵਿਚ ਰੂਸੀਆਂ ਨੇ ਪੁਲਾੜ ਉਡਾਣਾਂ ਵਿਚ ਬਹੁਤ ਤਰੱਕੀ ਕੀਤੀ ਹੈ। ਇਸ ਵਿਸ਼ੇ ਤੇ ਵੀ ਸਰਕਸ ਦੀਆਂ ਬਹੁਤ ਸਾਰੀਆਂ ਕਲਾ ਕ੍ਰਿਤੀਆਂ ਸਨ। ਸਭ ਤੋਂ ਪਹਿਲਾਂ ਪੁਲਾੜ ਵਿਚ ਰੂਸੀ ਗਏ ਸਨ ਅਤੇ ਸਭ ਤੋਂ ਪਹਿਲਾਂ ਪੁਲਾੜ ਵਿਚ ਜਹਾਜ਼ ਚੋਂ ਨਿਕਲ ਕੇ ਖਲਾਅ ਵਿਚ ਵੀ ਉਹ ਤੈਰੇ ਸਨ। ਇਸ ਦ੍ਰਿਸ਼ ਨੂੰ ਬਹੁਤ ਸੂਖਮ ਕਲਾ ਰਾਹੀਂ ਉਹਨਾਂ ਪੇਸ਼ ਕੀਤਾ। ਰੋਸ਼ਨੀ ਅਤੇ ਸੰਗੀਤ ਦੀ ਮਦਦ ਨਾਲ ਆਕਾਸ਼ ਵਿਚ ਪੁਲਾੜ ਯਾਤਰੀ ਉਡਦੇ ਵਿਖਾ ਦਿਤੇ। ਸਰਕਸ ਦੇ ਏਰੀਨੇ ਵਿਚ ਦਾਖਲੇ ਲਈ ਚਾਰੇ ਪਾਸਿਆਂ ਤੋਂ ਦਵਾਰ ਸਨ। ਖਤਰਨਾਕ ਕਰਤਬਾਂ ਤੋਂ ਇਲਾਵਾ ਕੁਝ ਸੂਖਮ ਕਿਸਮ ਦੇ ਨਾਚ ਵੀ ਸਨ ਕੁਝ ਜਾਨਵਰਾਂ ਦੇ ਕਰਤਬ ਅਤੇ ਮਸਖਰਿਆਂ ਦੀਆਂ ਬਹੁਤ ਹਸਾਉਣੀਆਂ ਗਲਾਂ। ਜਾਨਵਰਾਂ ਚੋਂ ਕਬੂਤਰ, ਚਮਕੀਲੀ ਜੱਤ ਵਾਲਾ ਰਿੱਛ ਤੇ ਘੋੜਾ ਵਿਸ਼ੇਸ਼ ਸਨ। ਹਾਥੀ ਸ਼ੇਰ ਨਹੀਂ ਸਨ। ਘੋੜੇ ਅਤੇ ਘੋੜ ਸਵਾਰ ਦੇ ਕਰਤਬ ਬਹੁਤ ਕਲਾਮਈ ਸਨ। ਬਗੈਰ ਘੋੜੇ ਨੂੰ ਹੱਥ ਲਾਇਆਂ ਜ਼ਮੀਨ ਤੋਂ ਛਲਾਂਗ ਲਾ ਕੇ ਕਲਾਕਾਰ ਦੌੜ ਦੇ ਘੋੜੇ ਦੇ ਉਤੇ ਸਿਧਾ ਖੜਾ ਹੋ ਜਾਂਦਾ ਅਤੇ ਕਿਸੇ ਲਗਾਮ ਜਾਂ ਹੋਰ ਸਹਾਰੇ ਦੇ, ਦੋਵੇਂ ਹੱਥ ਫੈਲਾ ਕੇ ਲੋਕਾਂ ਦਾ ਅਭਿਵਾਦਨ ਸਵੀਕਾਰਦਾ ਅਤੇ ਥਲੇ ਘੋੜਾ ਸਰਪਟ ਦੌੜੀ ਜਾਂਦਾ। ਘੋੜਿਆਂ ਦੀਆਂ ਸਿਹਤਾਂ ਅਤੇ ਕਦ ਕਾਠ ਵੇਖ ਕੇ ਰੂਹਾਂ ਖੁਸ਼ ਹੋ ਗਈਆਂ। ਜੋਕਰਾਂ ਦੇ ਨਪੁੰਨ ਪ੍ਰਦਰਸ਼ਨ ਨੇ ਤਾਂ ਕਮਾਲ ਦੀਆ ਹਦਾਂ ਵੀ ਤੋੜ ਦਿਤੀਆ। ਇਕ ਵਾਰ ਤਾਂ ਨੇੜੇ ਬੈਠੇ ਕੁਝ ਦਰਸ਼ਕ ਤਾਂ ਕੁਰਸੀਆਂ ਤੋਂ ਥਲੇ ਹੀ ਡਿਗ ਪਏ। ਇਹ ਭਾਰਤੀ ਸਰਕਸਾਂ ਵਾਂਗ ਆਪ ਬਿਠਾਏ ਦਰਸ਼ਕ ਨਹੀਂ ਸਨ ਸਗੋਂ ਸਾਡੇ ਯਾਤਰੂ ਗਰੁਪ ਦੇ ਹੀ ਬੰਦੇ ਸਨ। ਸਰਕਸ ਦਾ ਜੋਕਰ ਹਰਫਨ ਮੌਲਾ ਹੁੰਦਾ ਹੈ। ਉਹ ਹਰ ਗਲ ਵਿਚ ਹਸਾਉਂਦਾ ਵੀ ਫਿਲਾਸਫੀ ਵੀ ਭਰਦਾ ਅਤੇ ਅਗਲੇ ਪ੍ਰੋਗਰਾਮ ਦੀ ਤਿਆਰੀ ਲਈ ਸਮਾਂ ਵੀ ਕਢਦਾ। ਇਕ ਵਾਰ ਤਾਂ ਉਹਨਾ ਖੁਸ਼ੀ ਅਤੇ ਹੈਰਾਨੀ ਦੀ ਅਤਿ ਕਰਵਾ ਦਿਤੀ। ਇਕ ਬਕਸੇ ਵਿਚੋਂ ਉਹਨਾਂ ਗਲਤੀ ਨਾਲ ਇਕ ਜਾਨਵਰ ਬਾਹਰ ਕਢ ਦਿਤਾ। ਹੁਣ ਉਸ ਜਾਨਵਰ ਨੂੰ ਮੁੜ ਉਸ ਬਕਸੇ ਵਿਚ ਰਖਣਾ ਜ਼ਰੂਰੀ ਸੀ। ਉਹਨਾਂ ਬਹੁਤ ਜਣਿਆਂ ਬਹੁਤ ਟਿਲ ਲਾਇਆ ਉਹ ਜਾਨਵਰ ਬਚਾ ਪੂਰਾ ਪੂਰਾ ਬਕਸੇ ਵਿਚ ਨਾ ਆਵੇ। ਕਦੀ ਬਾਂਹ ਬਾਹਰ ਰਹਿ ਜਾਵੇ ਕਦੀ ਲਤ ਤਾਂ ਕਦੀ ਪੂਛ। ਉਹਨਾਂ ਕਦੀ ਕਪੜੇ ਨਚੋੜਨ ਵਾਂਗ ਮਰੋੜਾ ਚਾੜ੍ਹਿਆ ਕਦੇ ਪੀਪੇ 'ਚ ਆਟਾ ਪਾਉਣ ਵਾਂਗ ਤੁੰਨ ਤੁੰਨ ਕੇ ਜਗਾ ਵੀ ਬਣਾਈ ਪਰ ਜ਼ਰਾ ਕੁ


Sri Satguru Jagjit Singh Ji eLibrary NamdhariElibrary@gmail.com

ਕੁਤਾਹੀ ਹੋ ਜਾਣੀ ਤੇ ਉਸ ਜਾਨਵਰ ਨੇ ਮੁੜ ਸਪਰਿੰਗ ਵਾਂਗ ਬਾਹਰ ਨਿਕਲ ਜਾਣਾ। ਇਸ ਕ੍ਰਿਆ ਨੇ ਜਿਵੇਂ ਲੋਕਾਂ ਦੇ ਕਈ ਸਾਲਾਂ ਤੋਂ ਡੱਕੇ ਹਾਸੇ ਦੇ ਬੰਨ ਤੋੜ ਦਿਤੇ। ਜੇ ਕੋਈ ਬੰਦਾ ਹਸਦਾ ਹਸਦਾ ਮਰ ਵੀ ਜਾਂਦਾ ਤਾਂ ਇਹ ਅਤਿ ਕਥਨੀ ਨਹੀਂ ਸੀ ਹੋਣੀ। ਲੋਕਾਂ ਦੇ ਢਿਡੀਂ ਪੀੜਾਂ ਤੇ ਅਖੀਆਂ ਵਿਚ ਅਥਰੂ ਸਨ। ਇਸ ਸੰਘਰਸ਼ ਵਿਚ ਜੋਕਰਾਂ ਦਾ ਸਾਰਾ ਟੱਬਰ ਪਸੀਨੋ ਪਸੀਨਾ ਹੋਇਆ ਸਾਰੇ ਹਰਬੇ ਵਰਤਣ ਦੇ ਬਾਵਜੂਦ ਕਾਮਯਾਬ ਨਾ ਹੋਇਆ। ਜਾਪਦਾ ਸੀ ਇਹ ਬੇ-ਕਾਬੂ ਜਾਨਵਰ ਕੋਈ ਚੀਜ਼ ਹੈ ਹੀ ਨਹੀਂ। ਜਾਂ ਇਹ ਕੋਈ ਰਬੜ ਹੈ ਜਾਂ ਪਾਣੀ ਹੈ ਜਾਂ ਕੋਈ ਅਮੂਰਤ ਅਤੇ ਰੂਪ ਰਹਿਤ ਚੀਜ਼ ਹੈ। ਲਤਾਂ ਬਾਹਵਾਂ ਧੌਣ ਸਭ ਨੂੰ ਮਰੋੜ ਕੇ ਜੋਕਰ ਦੇਖ ਚੁਕੇ ਸਨ। ਅੰਤ ਇਵੇਂ ਕਰਦਿਆਂ ਕਰਦਿਆਂ ਉਸ ਜਾਨਵਰ ਦੀ ਰੰਗ ਬਰੰਗੀ ਖੱਲ ਫਟ ਗਈ। ਵਿਚੋਂ ਇਕ ਬਹੁਤ ਨਾਜ਼ਕ, ਬਹੁਤ ਖੂਬਸੂਰਤ ਅਤੇ ਮਹੀਨ ਜਿਹੀ ਲੜਕੀ ਨਿਕਲੀ। ਸਾਰਿਆਂ ਨੂੰ ਸਲਾਮ ਕਰਦੀ, ਨਾਜ਼ਕ ਅਦਾਵਾਂ ਦਖਾਉਂਦੀ ਭਜ ਗਈ। ਜੋਕਰ ਹੈਰਾਨ ਦਿਸਦੇ ਸਨ ਉਹਨਾਂ ਦੇ ਪਲੇ ਖੱਲ(ਕਪੜੇ)ਹੀ ਪਏ ਸੀ। ਏਨੀਆਂ ਤਾੜੀਆਂ ਵੱਜੀਆਂ ਕਿ ਮੁਕਨ ਵਿਚ ਹੀ ਨਾ ਆਉਣ। ਇਹ ਲੜਕੀ ਦੀ ਕੋਮਲਤਾ ਦਾ ਕਮਾਲ ਸੀ। ਏਨੀ ਲਚਕੀਲੀ ਏਨੀ ਨਰਮ ਕਿ ਰਬੜ ਪਾਣੀ ਵਾਂਗ ਮਰੋੜੇ ਖਾ ਗਈ।

ਇਹ ਦੋ ਘੰਟੇ ਤੋਂ ਵਧ ਸਮਾਂ ਪਤਾ ਨਹੀਂ ਕਿਵੇਂ ਬੀਤ ਗਿਆ। ਜੇ ਬੰਦੇ ਨੂੰ ਹੱਸਣਾ ਨਸੀਬ ਹੋ ਜਾਵੇ ਤਾਂ ਇਸ ਵਰਗੀ ਪ੍ਰਾਪਤੀ ਹੋਰ ਕੀ ਹੋ ਸਕਦੀ ਹੈ। ਸਮਾਪਤੀ ਤੋਂ ਪਹਿਲਾਂ ਸ੍ਰੀਮਾਨ ਜੋਕਰ ਨੇ ਇਕ ਉੱਚਾ ਭਾਸ਼ਨ ਦਿਤਾ। ਉਸ ਦੇ ਇਸ਼ਾਰਿਆਂ ਅਤੇ ਸੰਕੇਤਾਂ ਨੇ ਬੋਲੀ ਦੇ ਅਰਥ ਸਮਝਣ ਦੀ ਲੋੜ ਨਾ ਰਹਿਣ ਦਿਤੀ। ਉਸ ਦਾ ਕਹਿਣਾ ਸੀ ਇਹ ਦੁਨੀਆ ਵੇਖੋ ਕਿੰਨੀ ਰੰਗ ਬਰੰਗੀ ਅਤੇ ਸੁੰਦਰ ਹੈ। ਵੇਖੋ ਅਜ ਕਿੰਨਿਆਂ ਦੇਸ਼ਾਂ ਦੇ, ਕਿੰਨੀਆਂ ਨਸਲਾਂ ਅਤੇ ਕੌਮਾਂ ਦੇ ਲੋਕ ਇਥੇ ਇਕਠੇ ਨੇ। ਕਿਵੇਂ ਅਮਨ ਸ਼ਾਂਤੀ ਨਾਲ ਇਕੱਠੇ ਬੈਠੇ ਅਤੇ ਹਸੇ ਹਨ। ਇਹ ਪਿਆਰ ਦੀਆਂ ਨਿਸ਼ਾਨੀਆਂ ਹਨ। ਰਬ ਕਰੇ ਸਾਰੀ ਦੁਨੀਆ ਤੇ ਇਹੋ ਜਿਹਾ ਵਾਤਾਵਰਣ ਬਣੇ। ਇਹ ਤਦ ਹੀ ਹੋ ਸਕਦਾ ਹੈ ਜੇ ਸੰਸਾਰ 'ਚੋਂ ਈਰਖਾਂ ਦੁਸ਼ਮਣੀ ਅਤੇ ਜੰਗ ਦੇ ਬੱਦਲ ਖਤਮ ਕੀਤੇ ਜਾਣ ਅਤੇ ਦੁਨੀਆਂ ਵਿਚ ਅਮਨ ਹੋਵੇ। ਜੋਕਰ ਨੇ ਅੰਤ ਉਤੇ ਲੋਕਾਂ ਨੂੰ ਪ੍ਰੇਰਿਆ ਕਿ ਉਹ ਉਸਦੇ ਨਾਲ ਰਲ ਕੇ ਉਚੀ ਆਵਾਜ ਵਿਚ ਕਹਿਣ। ਜੋਕਰ ਨੇ ਜੋ ਨਾਅਰਾ ਲਾਇਆ ਉਹ ਸੀ ਇਕ ਦੋ ਅਖਰਾਂ ਦਾ ਸ਼ਬਦ ਪੀਸ (ਸ਼ਾਂਤੀ), ਸਾਰਾ ਮੰਡਪ ਪੀਸ ਦੇ ਨਾਅਰੇ ਨਾਲ ਗੂੰਜ ਉਠਿਆ ਅਤੇ ਇਸ ਵਿਚ ਸਭ ਤੋਂ ਉਭਰਵੀਂ ਆਵਾਜ਼ ਛੋਟੇ ਬਚਿਆਂ ਦੀ ਸੀ। ਤਿੰਨ ਵਾਰ 'ਪੀਸ' ਦੀ ਸੁਰ ਉਚੀ ਹੋਈ ਤੇ ਪਰੋਗਰਾਮ ਸਮਾਪਤ ਹੋਇਆ। ਸਾਰੇ ਕਲਾਕਾਰ ਇਕ ਵਾਰ ਫੇਰ ਮੰਚ ਤੇ ਆਏ। ਹੱਥ ਤੇ ਰੁਮਾਲ ਹਿਲਾਉਂਦੇ ਖੜੇ ਦਰਸ਼ਕਾਂ ਤੋਂ ਤਾੜੀਆਂ ਦੀ ਦਾਦ ਲੈਂਦੇ ਹੋਏ ਵਿਦਾ ਹੋਏ। ਅਸੀਂ ਹਾਲ ਤੋਂ ਬਾਹਰ ਆਏ। ਆਪਣੇ ਕੋਟ ਲੈ ਕੇ ਪਹਿਨੇ। ਦੂਰ ਖੜੀਆਂ ਬਸਾਂ ਤੇ ਆ ਕੇ ਸਵਾਰੀ ਕੀਤੀ ਅਤੇ ਵਾਪਸ ਹੋਟਲ ਵਲ ਚਾਲੇ ਪਾਏ।

ਕ੍ਰਿਸ਼ਮਿਆਂ ਦੀ ਧਰਤੀ ਤੇ ਇਕ ਹੋਰ ਕ੍ਰਿਸ਼ਮਾ ਅਜ ਵੇਖਿਆ ਸੀ। ਉਸ ਸਰਕਸ ਵਿਚ ਪੀਸ ਦੀ ਉੱਠੀ ਧੁਨੀ ਅਜੇ ਵੀ ਕੰਨਾਂ ਵਿਚ ਗੂੰਜ ਰਹੀ ਹੈ। ਸਰਕਸ ਦੀਆਂ ਵੀਡੀਓ ਕੈਸਟਾਂ ਵੀ ਰੂਸ ਵਿਚ ਬਣੀਆਂ ਹੋਈਆਂ ਹਨ।

੯ ਨਵੰਬਰ ਸ਼ੁਕਰਵਾਰ ਨੂੰ ਸਾਨੂੰ ਮਾਸਕੋ ਦਾ ਵਿਸ਼ਾਲ ਰੂਪ ਦਿਖਾਇਆ ਗਿਆ। ਅਜ ਕਦੀ ਧੁੱਪ ਕਦੀ ਛਾਂ ਕਦੇ ਬਾਰਸ਼ ਵਾਲਾ ਦਿਨ ਸੀ। ਵੇਖਣ ਯੋਗ ਥਾਵਾਂ ਵਿਚੋਂ ਇਕ ਇਤਿਹਾਸਕ ਥਾਂ ਸੀ ਨੋਵੋਡਵਿਚੀ ਕਾਨਵੈਂਟ ਮਿਊਜ਼ਿਅਮ। ਇਹ ਸੋਲਵੀਂ ਤੇ ਸਤਾਰਵੀਂ ਸਦੀ ਦਾ ਕਾਨਵੈਂਟ ਸੀ। ਇਥੇ ਈਸਾਈ ਧਰਮ ਦੀਆਂ ਸਾਧਵੀਆਂ (ਨਨਜ਼) ਰਹਿੰਦੀਆਂ ਹੁੰਦੀਆਂ ਸਨ ਜੋ ਬਹੁਤ ਪਵਿਤਰ ਜੀਵਨ ਬਤੀਤ ਕਰਦੀਆਂ ਸਨ। ਇਤਿਹਾਸ ਵਿਚ ਇਸ ਥਾਂ ਨੇ ਕਈ ਉਤਰਾਅ ਚੜ੍ਹਾ ਦੇਖੇ। ਇਥੋਂ ਦਾ ਇਕ ਖੂਨੀ ਬੁਰਜ ਵੀ ਹੈ ਜਿਥੇ ਵਿਰੋਧੀਆਂ ਨੂੰ ਕੈਦ ਕੀਤਾ ਜਾਂਦਾ ਤਸੀਹੇ ਦਿਤੇ ਜਾਂਦੇ ਅਤੇ ਕਤਲ ਵੀ ਕੀਤਾ ਜਾਂਦਾ। ਇਥੋਂ ਦਾ ਗਿਰਜਾ ਘਰ, ਕੈਦ ਖਾਨਾਂ ਅਤੇ ਸਕੂਲ ਪੁਰਾਣੇ ਰੂਸੀ ਇਤਿਹਾਸ ਦਾ ਅਹਿਮ ਭਾਗ ਹੈ। ਹੁਕਮਰਾਨਾਂ ਦੀਆਂ ਰਿਸ਼ਤੇਦਾਰਨੀਆਂ ਵੀ ਇਥੇ ਰਹਿੰਦੀਆਂ ਰਹੀਆਂ। ਇਥੇ ਬਹੁਤ ਸਾਰੀਆਂ ਇਤਿਹਾਸਕ ਵਿਅਕਤੀਆਂ ਦੀਆਂ ਕਬਰਾਂ ਵੀ ਹਨ ਅਤੇ ਇਥੇ ਹੀ ਸਾਬਕਾ ਰੂਸੀ ਪ੍ਰਧਾਨ ਮੰਤਰੀ ਕਾਮਰੇਡ ਖਰੁਸ਼ਚੋਵ ਦੀ ਗੁਮਨਾਮ ਅਤੇ ਸਾਧਾਰਨ ਜਿਹੀ ਕਬਰ ਵੀ ਹੈ। ਇਸ ਥਾਂ ਦੇ ਉੱਚੇ ਉੱਚੇ ਸੋਨੇ ਰੰਗੇ ਮੀਨਾਰ ਹੁਣ ਬੀਤੇ ਦੇ ਖਾਮੋਸ਼ ਗਵਾਹ ਹੀ ਹਨ। ਇਹ ਕਾਨਵੈਂਟ ਮਿਊਜ਼ਿਅਮ ਇਕ ਝੀਲ ਜਿਹੀ ਦੇ ਕੰਡੇ ਤੇ ਹੈ।

ਇਥੋਂ ਚਲ ਕੇ ਇਕ ਲਾਗੇ ਹੀ ਡਾਲਰ ਸ਼ਾਪ ਤੇ ਬਸ ਰੁਕੀ ਅਤੇ ਸਾਨੂੰ ਅੱਧਾ ਘੰਟੇ ਦਾ ਸਮਾਂ ਦਿਤਾ ਗਿਆ ਅੰਦਰ ਜਾਣ ਅਤੇ ਕੁਝ ਖਰੀਦਣ ਦਾ। ਇਥੇ ਅਸਾਂ ਵਾਹਵਾਂ ਬੇ-ਸੁਆਦੀ ਦਾ ਮਾਹੌਲ ਬਣਾ ਲਿਆ। ਹੋਇਆ ਇੰਜ ਕਿ ਸਟੋਰ ਦੇ ਅੰਦਰੋਂ ਘੁਮ ਘੁਮਾ ਕੇ ਲੋੜ ਅਨੁਸਾਰ ਚੀਜ਼ਾਂ ਖਰੀਦ ਕੇ ਜਦ ਅਸੀਂ ਬਸ ਵਿਚ ਆ ਬੈਠੇ ਤਾਂ ਪਤਾ ਲਗਾ ਕਿ ਇਕ ਸਵਾਰੀ ਘੱਟ ਹੈ। ਕੁਝ ਹੋਰ ਉਡੀਕਣ ਤੇ ਵੀ ਨਾ ਆਈ ਤਾਂ

Sri Satguru Jagjit Singh Ji eLibrary

NamdhariElibrary@gmail.com

ਬਾਕੀ ਲੋਕਾਂ ਕਿਹਾ ਕਿ ਅਸੀਂ ਹੋਰ ਨਹੀਂ ਰੁਕ ਸਕਦੇ ! ਗਈ ਸਵਾਰੀ ਦੇ ਇਕ ਮਿਤਰ ਹਮਾਇਤੀ ਨੇ ਇਸ ਗਲ ਦਾ ਵਿਰੋਧ ਕੀਤਾ ਕਿ ਸਾਥੀ ਨੂੰ ਛੱਡ ਕੇ ਚਲਿਆ ਜਾਵੇ । ਐਨ ਭਾਰਤੀ ਰਹਿਣ ਸਹਿਣ ਦਾ ਪ੍ਰਦਰਸ਼ਨ ਸੀ । ਨਾ ਹੀ ਜਾਣ ਵਾਲੇ ਨੇ ਸਮਾਂ ਸੋਚਿਆ ਨਾ ਉਸਦੇ ਹਮਾਇਤੀ ਨੇ । ਗਲਾਂ ਗਲਾਂ ਵਿਚ ਅਜਿਹੀ ਗਰਮਾ ਗਰਮੀ ਹੋ ਗਈ ਕਿ ਮਰਨ ਮਰਾਨ ਤਕ ਨੌਬਤ ਆ ਗਈ । "ਤੂੰ ਤੂੰ-ਮੈਂ ਮੈਂ ਦੇਖ ਲਵਾਂਗਾ"— ਆਦਿ ਆਦਿ । ਗਾਈਡ ਸਵੇਤਲਾਨਾ ਅਜ ਸਵੇਰ ਤੋਂ ਜ਼ਬਰ-ਦਸਤ ਭਾਸ਼ਨ ਕਰ ਰਹੀ ਸੀ । ਭਾਰਤ ਅਤੇ ਸੋਵੀਅਤ ਦੇਸ਼ ਬਾਰੇ, ਦੋਸਤੀ ਬਾਰੇ ਅਤੇ ਭਾਰਤੀ ਲੋਕਾਂ ਦੀ ਪੁਰਾਣੀ ਸੰਸਕ੍ਰਿਤੀ ਬਾਰੇ । ਇਸ ਸਥਿਤੀ ਵਿਚ ਉਹਨੇ ਸ਼ਾਂਤ ਕਰਨ ਦਾ ਜਤਨ ਕੀਤਾ । ਸਾਡਾ ਸਿਰ ਸ਼ਰਮ ਨਾਲ ਪਾਣੀਓਂ ਪਾਣੀ ਹੋ ਰਿਹਾ ਸੀ । ਸਵੇਤਲਾਨਾ ਨੇ ਮਾਈਕ ਫੜਿਆ ਅਤੇ ਸ਼ਾਂਤ ਕਰਨ ਲਈ ਅੰਗਰੇਜ਼ੀ ਵਿਚ ਕਹੀ ਜਾਵੇ ਪਲੀਜ਼ ਬੀ ਮੋਰ...ਪਲੀਜ਼ ਬੀ ਮੋਰ (ਕਿਰਪਾ ਕਰਕੇ ਜ਼ਿਆਦਾ ਬਣੋ ਜ਼ਿਆਦਾ ਬਣੋ) ਇਹ ਅਧੂਰਾ ਫਿਕਰਾ ਸੀ ਅਗੋਂ ਉਹਨੂੰ ਸ਼ਬਦ ਸੁੱਝ ਨਹੀਂ ਸੀ ਰਿਹਾ ਕਿ ਕੀ ਕਹੇ । ਸ਼ਬਦ ਤਾਂ ਬਹੁਤ ਹੋ ਸਕਦੇ ਸਨ ਜਿਵੇਂ ਸ਼ਾਂਤ ਬਣੋ, ਬੰਦੇ ਬਣੋ, ਮਿਲਣਸਾਰ ਬਣੋ ਸਹਾਇਕ ਬਣੋ ਪਰ ਭਾਰਤੀ ਪ੍ਰਾਹੁ-ਣਿਆਂ ਦਾ ਲਿਹਾਜ਼ ਕਰਦਿਆਂ ਉਹ ਸੰਕੋਚ ਵਿਚ ਕੁਝ ਵੀ ਕਹਿਣੋਂ ਝਿਜਕਦੀ ਸੀ । ਬਸ ਇਹ ਕਹਿ ਰਹੀ ਸੀ, 'ਪਲੀਜ਼ ਬੀ ਮੋਰ, ਬੀ ਮੋਰ ।' ਜਦੋਂ ਉਸ ਅਗੋਂ ਕੁਝ ਨਾ ਕਿਹਾ ਤਾਂ ਮੈਂ ਫਿਕਰਾ ਪੂਰਾ ਕੀਤਾ...ਇੰਡੀਅਨ ਭਾਵ ਹਿੰਦੁਸਤਾਨੀ ਬਣੋ । (ਪਲੀਜ਼ ਬੀ ਮੋਰ ਇੰਡੀਅਨ) ਉਹਨੇ ਫਟਾ ਫੱਟ ਮਾਈਕ ਮੇਰੇ ਮੂੰਹ ਅਗੇ ਕਰ ਦਿਤਾ ਤੇ ਕਹਿਣ ਲਗੀ 'ਯੂ ਸੇ ਇਟ' : "ਇਹ ਗੱਲ ਤੂੰ ਕਹਿ ।" ਅੰਤ ਅਸਾਂ ਦਖਲ ਅੰਦਾਜ਼ੀ ਕੀਤੀ । ਪੰਜਾਬੀ ਢੰਗ ਦੀ ਲਾਹਣ ਤਾਣ ਪਾਈ ਦੋਵਾਂ ਧਿਰਾਂ ਨੂੰ । ਅਸੀਂ ਕਿਹਾ ਜਿੰਨੀ ਦੇਰ ਤੁਸਾਂ ਇਕ ਦੂਜੇ ਨੂੰ ਗਾਹਲਾਂ ਕਢਣ ਤੇ ਲਾਈ ਇੰਨੇ ਚਿਰ ਨੂੰ ਬੰਦਾ ਲਭ ਲਿਆਉਣਾ ਸੀ । ਪੰਜ ਮਿੰਟ ਬਸ ਹੋਰ ਰੁਕਵਾਈ ਤੇ ਲੜਨ ਵਾਲੇ ਨੂੰ ਭੇਜਿਆ ਜਾ ਅੰਦਰੋਂ ਬੰਦਾ ਲਭ ਕੇ ਲਿਆ । ਜੇ ਪੰਜ ਮਿੰਟ ਵਿਚ ਨਾ ਆਇਆ ਤਾਂ ਫਿਰ ਵਾਪਸ ਟੈਕਸੀ ਲੈ ਕੇ ਹੋਟਲ ਪੁਜ ਜਾਣਾ ।

ਜਦੋਂ ੧੦ ਮਿੰਟ ਤਕ ਵੀ ਅੰਦਰੋਂ ਕੋਈ ਨਾ ਆਇਆ ਤਾਂ ਅਸੀਂ ਅਗਲੇ ਰਾਹ ਪਏ ।

ਯੂਨੀਵਰਸਟੀ ਏਰੀਏ ਵਿਚ ਘੁਮਦਿਆਂ ਬਾਰਸ਼ ਬਹੁਤ ਹੋਈ । ਮਾਸਕੋ ਯੂਨੀਵਰਸਟੀ ਦੀ ਬਿਲਡਿੰਗ ਦੇ ਪਰਛਾਵੇਂ ਵਿਚ ਪਹਾੜੀ ਉਤੇ, ਮਾਸਕੋ ਸਟੇਡੀਅਮ ਜਿਥੇ ੧੯੮੦ ਦੀਆਂ ਉਲੰਪਿਕ ਖੇਡਾਂ ਹੋਈਆਂ ਸਨ ਨੂੰ ਵੇਖਣ ਲਈ ਉਤਰੇ ਤਾਂ ਯਕਦਮ ਬਰਫ ਪੈਣ ਲਗ ਪਈ । ਰੂਸ ਦੀ ਬਰਫ ਬਾਰੀ ਬੜੇ ਦਿਨਾ ਤੋਂ ਉਡੀਕ ਰਹੇ ਸਾਂ ਪਰ ਮੌਸਮ ਸਾਫ ਹੀ ਤੁਰਿਆ ਆ ਰਿਹਾ ਸੀ । ਵੇਖਦਿਆਂ ਹੀ ਵੇਖਦਿਆਂ ਆਲਾ ਦੁਆਲਾ ਇਵੇਂ ਚਿੱਟਾ ਹੋ ਗਿਆ ਜਿਵੇਂ ਕਪਾਹ ਵਿਛਾ ਦਿਤੀ ਹੋਵੇ । ਬਰਫ ਹੀ ਬਰਫ, ਨਰਮ ਰੂੰ ਵਰਗੀ ਬਰਫ ਉਡਦੀ ਹੋਈ ਥਲੇ ਨੂੰ ਆਵੇ । ਦੂਰ ਥੱਲੇ ਦਿਸਦਾ ਸਟੇਡੀਅਮ, ਸੜਕਾਂ ਯੂਨੀਵਰਸਟੀ ਦਾ ਖੁਲ੍ਹਾ ਮੈਦਾਨ ਦਰਖਤ ਸਭ ਚਿੱਟੇ ਹੋ ਗਏ । ਭਾਵੇਂ ਬਰਫ ਪੈ ਰਹੀ ਸੀ ਪਰ ਸਾਡਾ ਬਸ ਦੇ ਅੰਦਰ ਬੈਠਣ ਨੂੰ ਜੀਅ ਨਹੀਂ ਸੀ ਕਰ ਰਿਹਾ । ਕੁਝ ਯਾਤਰੂ ਤਾਂ ਬਰਫ ਗੋਲੇ ਇਕ ਦੂਜੇ ਨੂੰ ਮਾਰਨ ਲਗ ਪਏ । ਮਛਰੇ ਲੋਕ ਬਰਫ ਉਤਸਵ ਮਨਾ ਰਹੇ ਸਨ । ਬਰਫ ਪੈਂਦਿਆਂ ਹੀ ਧੁੱਪ ਵੀ ਨਿਕਲ ਆਈ ਅਤੇ ਬਰਫ ਬਾਰੀ ਬੰਦ ਹੋ ਗਈ । ਪੈਰਾਂ ਵਿਚ ਨਰਮ ਬਰਫ ਅਤੇ ਦੂਰ ਤਕ ਸੂਰਜ ਦਾ ਚਾਨਣ ਕਿੱਡਾ ਦਿਲਕਸ਼ ਨਜ਼ਾਰਾ ਸੀ । ਦੂਰ ਦੂਰ ਤਕ ਮਾਸਕੋ ਸ਼ਹਿਰ ਦੇ ਮਕਾਨ, ਸੜਕਾਂ, ਦਰਖਤ ਬਾਗ ਅਤੇ ਪੁਲ ਦਿਖਾਈ ਦੇ ਰਹੇ ਸਨ । ਹੁਣੇ ਹੁਣੇ ਨਹਾਤਾ ਸੀ ਮਾਸਕੋ ।

ਅਜ ਦਾ ਇਹ ਟੂਰ ਖਤਮ ਕਰਨ ਤੋਂ ਪਹਿਲਾਂ ਮਾਸਕੋ ਯੂਨੀਵਰਸਟੀ ਦੇ ਸੰਸਥਾਪਕ ਬਾਰੇ ਇਕ ਗਲ ਪਾਠਕਾਂ ਨਾਲ ਸਾਂਝੀ ਕਰ ਲਈਏ । ਇਹ ਯੂਨੀਵਰਸਟੀ ੧੭੫੫ ਈਸਵੀ ਵਿਚ ਮਹਾਨ ਰੂਸੀ ਵਿਗਿਆਨਕ ਅਤੇ ਵਿਦਵਾਨ ਮਿਖਾਈਲ ਲੋਮਨੋਸੋਵ ਦੀ ਪਹਿਲ ਕਦਮੀ ਤੇ ਸਥਾਪਤ ਕੀਤੀ ਗਈ ਅਤੇ ਉਸੇ ਦੇ ਨਾਮ ਤੇ ਇਸ ਦਾ ਨਾਮ ਲੋਮਨੋਸੋਵ ਯੂਨੀਵਰਸਟੀ ਮਾਸਕੋ ਰਖਿਆ ਗਿਆ ।

ਮਿਖਾਈਲ ਲੋਮਨੋਸੋਵ ਚਿੱਟੇ ਸਾਗਰ ਦੇ ਕੰਢੇ ਇਕ ਮਛੇਰੇ ਦੇ ਘਰ ਜੰਮਿਆ । ਗਰੀਬੀ ਵਿਚ ਆਪਣਾ ਬਾਲਪਨ ਬੀਤਾਇਆ । ਪਰ ਉਹ ਖੋਜੀ ਸੁਭਾਓ ਦਾ ਮੁੰਡਾ ਸੀ ਅਤੇ ਪੜ੍ਹਣ ਦਾ ਬਹੁਤ ਸ਼ੌਕੀਨ ਸੀ । ਕੋਈ ਪੁਸਤਕ ਹੱਥ ਲਗਦੀ ਉਹ ਪੜ੍ਹਿਆਂ ਬਗੈਰ ਛਡਦਾ ਨਾ ।

੧੯ ਵਰ੍ਹਿਆਂ ਦੀ ਉਮਰ ਵਿਚ ਉਹ ਗਿਆਨ ਦੀ ਖੋਜ ਵਿਚ ਮਾਸਕੋ ਆਇਆ । ਉਦੋਂ ਕੇਵਲ ਰਾਠਾਂ ਦੇ ਮੁੰਡਿਆਂ ਨੂੰ ਹੀ ਸਕੂਲਾਂ ਵਿਚ ਪੜ੍ਹਣ ਦੀ ਆਗਿਆ ਸੀ । ਪਰ ਲੋਮਨੋਸੋਵ ਨੇ ਆਪਣੇ ਆਪ ਨੂੰ ਰਾਠ ਦਾ ਹੀ ਮੁੰਡਾ ਕਹਿ ਕੇ ਸਕੂਲ ਵਿਚ ਦਾਖਲਾ ਲੈ ਲਿਆ । ਉਹ ਅਤਿ ਗਰੀਬੀ ਦੀ ਹਾਲਤ ਵਿਚ ਕਈ ਵਾਰ ਫਾਕੇ ਕਟ ਕੇ ਕਈ ਵਾਰ ਕੇਵਲ ਰੋਟੀ ਅਤੇ ਪਾਣੀ ਤੇ ਗੁਜ਼ਾਰਾ ਕਰਕੇ ਵੀ ਪੜ੍ਹਦਾ ਰਿਹਾ । ਉਸ ਵਿਚ ਅਸਾਧਾਰਨ ਯੋਗਤਾ ਸੀ ਅਤੇ ਤਿੰਨ ਸਾਲ ਦਾ ਕੋਰਸ ਇਕ ਹੀ ਸਾਲ ਵਿਚ ਮੁਕਾ ਲਿਆ । ਉਸ ਦੀ ਯੋਗਤਾ ਵੇਖ ਸਰਕਾਰ ਨੇ ਪਹਿਲਾਂ ਉਸ ਨੂੰ ਪੀਟਰਜ਼ ਬਰਗ (ਲੈਨਿਨ-ਗਰਾਦ) ਅਤੇ ਬਾਦ ਵਿਚ ਬਾਹਰਲੇ ਮੁਲਕਾਂ ਵਿਚ ਪੜ੍ਹਣ


Sri Satguru Jagjit Singh Ji eLibrary NamdhariElibrary@gmail.com

ਭੇਜਿਆ। ਇਹ ਲੋਮਨੋਸੋਵ ਰੂਸ ਦਾ ਪ੍ਰਸਿਧ ਵਿਗਿਆਨੀ ਬਣ ਗਿਆ। ਰਸਾਇਣ ਵਿਗਿਆਨ (ਕੈਮਿਸਟਰੀ) ਭੌਤਕ ਵਿਗਿਆਨ (ਫਿਜ਼ਿਕਸ) ਅਤੇ ਤਾਰਾ ਵਿਗਿਆਨ (ਐਸਟਰੋ-ਨੋਮੀ) ਵਿਚ ਉਹਦੀਆਂ ਖੋਜਾਂ, ਇੰਜਨੀਅਰੀ ਵਿਚ ਉਹਦੀਆਂ ਲਭਤਾਂ ਸੰਸਾਰ ਪ੍ਰਸਿਧ ਹੋਈਆਂ। ਉਹ ਭਾਸ਼ਾ ਵਿਗਿਆਨ ਵਿਚ ਵੀ ਮਾਹਰ ਸੀ। ਰੂਸੀ ਭਾਸ਼ਾ ਦਾ ਪਹਿਲਾ ਵਿਆਕਰਣ ਉਸ ਨੇ ਤਿਆਰ ਕੀਤਾ ਅਤੇ ਰੂਸੀ ਭਾਸ਼ਾ ਦੀਆਂ ਕਈ ਪਾਠ-ਪੁਸਤਕਾਂ ਲਿਖੀਆਂ। ਸੰਨ ੧੭੫੫ ਵਿਚ ਉਸਦੀ ਪਹਿਲ ਕਦਮੀ ਤੇ ਮਾਸਕੋ ਯੂਨੀਵਰਸਟੀ ਉਹਦੇ ਨਾਮ ਤੇ ਸਥਾਪਤ ਕੀਤੀ ਗਈ ਤਾਂ ਉਸਨੇ ਪਹਿਲਾ ਫੈਸਲਾ ਇਹ ਹੀ ਕੀਤਾ ਕਿ ਇਹ ਯੂਨੀਵਰਸਟੀ ਕੇਵਲ ਰਾਠਾਂ ਦੇ ਮੁੰਡਿਆਂ ਵਾਸਤੇ ਨਹੀਂ ਹੋਵੇਗੀ ਸਭ ਯੋਗ ਵਿਦਿਆਰਥੀਆਂ ਲਈ ਹੋਵੇਗੀ। ਲੋਮਨੋਸੋਵ ਨੇ ਕਿਹਾ :

"ਇਸ ਯੂਨੀਵਰਸਟੀ ਵਿਚ ਉਹ ਵਿਦਿਆਰਥੀ ਸਭ ਤੋਂ ਵਧ ਸਤਿਕਾਰਿਆ ਹੈ ਜਿਹੜਾ ਸਭ ਤੋਂ ਵਧ ਸਿਖਿਅਤ ਹੈ। ਉਹ ਕਿਸ ਦਾ ਪੁਤਰ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਹੈ। ਇਸ ਤਰ੍ਹਾਂ ਆਪਣੀ ਉਮਰ ਦੇ ਚੁਤਾਲੀਵੇਂ ਸਾਲ ਵਿਚ ਹੀ ਉਹਨੇ ਗਰੀਬਾਂ ਦੇ ਮੁੰਡਿਆ ਨੂੰ ਵੀ ਵਿਦਿਆ ਦਾ ਹੱਕ ਦਿਵਾਇਆ—ਜਿਸ ਵਾਸਤੇ ਉਹਨੂੰ ਆਪ ਲੰਬਾ ਸੰਘਰਸ਼ ਕਰਨਾ ਪਿਆ ਸੀ। ਉਹਦੇ ਇਸੇ ਕਾਰਨਾਮੇ ਕਰਕੇ ਦੁਨੀਆ ਵਿਚ ਉਹਦਾ ਸਤਿਕਾਰ ਹੈ। ਇਸ ਯੂਨੀਵਰਸਟੀ ਨੇ ਅਜ ਤਕ ਕਈ ਪੀੜ੍ਹੀਆਂ ਵਿਦਵਾਨਾ ਦੀਆਂ ਪੈਦਾ ਕੀਤੀਆਂ ਹਨ। ਮਾਸਕੋ ਯੂਨੀਵਰਸਟੀ ਤੋਂ ਇਲਾਵਾ ਇਥੇ ਕਾਂਗੋ ਦੇ ਸ਼ਹੀਦ ਲੀਡਰ ਪੈਟਰਸ ਲਮੂਬਾ ਦੇ ਨਾਮ ਤੇ ਦੋਸਤੀ ਯੂਨੀਵਰਸਟੀ ਵਿਚ ਸਾਰੀ ਦੁਨੀਆਂ 'ਚੋਂ ਹਜ਼ਾਰਾਂ ਵਿਦਿਆਰਥੀ ਪੜ੍ਹਦੇ ਹਨ। ਬਾਰਸ਼ ਦੇ ਪਰਕੋਪ ਕਰਕੇ ਅਸੀਂ ਬਹੁਤ ਕੁਝ ਨਾ ਦੇਖ ਸਕੇ।

(ਚਲਦਾ)

# ਗੁਰੂ ਸਾਹਿਬਾਨ ਦੇ ਨਾਵਾਂ ਦੀ ਦੁਰਵਰਤੋਂ

—ਨਿਰਵੈਰ ਸਿੰਘ ਅਰਸ਼ੀ

ਅਜ ਕਲ ਕਿਸੇ ਬਾਜ਼ਾਰ ਵਿਚੋਂ ਗੁਜ਼ਰੀਏ ਤਾਂ 'ਗੁਰੂ ਨਾਨਕ ਸਾੜੀ ਸੈਂਟਰ', 'ਗੁਰੂ ਰਾਮਦਾਸ ਜਨਰਲ ਸਟੋਰ', 'ਗੁਰੂ ਅਰਜਨ ਸਵੀਟ ਮਾਰਟ' ਅਤੇ 'ਦਸਮੇਸ਼ ਟ੍ਰੇਡਿੰਗ ਕੰਪਨੀ' ਜਿਹੇ ਸਾਈਨ ਬੋਰਡ ਆਮ ਵੇਖਣ ਨੂੰ ਮਿਲਦੇ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਨਾਵਾਂ ਨਾਲ ਵੀ ਗੁਰੂ ਸਾਹਿਬਾਨ ਨੂੰ ਜੋੜ ਲਿਆ ਗਿਆ ਹੈ, ਇਥੋਂ ਤੀਕ ਕਿ ਅਸੀਂ ਬੱਚਿਆਂ ਦੇ ਨਾਮ ਵੀ 'ਨਾਨਕ ਸਿੰਘ', 'ਅਰਜਨ ਸਿੰਘ' ਜਾਂ 'ਗੋਬਿੰਦ ਸਿੰਘ' ਆਦਿ ਰੱਖ ਕੇ ਭਾਰੀ ਫਖਰ ਮਹਿਸੂਸ ਕਰਦੇ ਹਾਂ। ਅਜਿਹਾ ਕਰਦੇ ਸਮੇਂ ਨੀਯਤ ਚਾਹੇ ਮਾੜੀ ਨਹੀਂ ਹੁੰਦੀ ਅਤੇ ਨਾਵਾਂ ਥਾਵਾਂ ਨੂੰ ਗੁਰੂ ਸਾਹਿਬਾਨ ਨਾਲ ਸਬੰਧਤ ਕਰਨਾ ਇਕ ਧਾਰਮਿਕਤਾ ਦਾ ਗੁਣ ਖਿਆਲ ਕੀਤਾ ਜਾਂਦਾ ਹੈ, ਪ੍ਰੰਤੂ ਵਧੇਰੇ ਕਰਕੇ ਨੇਕ ਜਾਣ ਕੇ ਚੁੱਕੇ ਕਦਮਾਂ ਦੇ ਨਤੀਜੇ ਹਮੇਸ਼ਾ ਖੁਸ਼ਗਵਾਰ ਨਹੀਂ ਹੁੰਦੇ ਬਲਕਿ ਕਈ ਵੇਰ ਬਦਨਾਮੀ ਦਾ ਕਾਰਨ ਵੀ ਬਣਦੇ ਹਨ।

ਮਿਸਾਲ ਵਜੋਂ ਸੰਸਥਾ ਦਾ ਨਾਮ ਤਾਂ ਹੁੰਦਾ ਹੈ 'ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ', ਪ੍ਰੰਤੂ ਸਾਬਤ ਸੂਰਤ ਗੁਰੂ ਕਾ ਖਾਲਸਾ ਸਾਰੇ ਕਾਲਜ ਵਿਚ ਦੀਵਾ ਲੈਕੇ ਢੂੰਡਿਆਂ ਵੀ ਨਹੀਂ ਮਿਲਦਾ—ਤਾਂ ਕੀ ਇਹ ਨਮੋਸ਼ੀ ਦੀ ਗੱਲ ਨਹੀਂ ? ਜਦੋਂ ਭਲੀ ਭਾਂਤ ਪਤਾ ਹੈ ਕਿ ਕੋਈ ਝੂਠ ਫਰੇਬ ਅਤੇ ਪਾਪਾਂ ਬਾਝੋਂ ਕਾਮਯਾਬ ਨਹੀਂ ਹੁੰਦਾ ਤਾਂ ਗੁਰੂ ਸਾਹਿਬ ਦੇ ਨਾਮ ਸਾਈਨ ਬੋਰਡਾਂ ਉਤੇ ਲਿਖਣੇ ਕਿੱਧਰ ਦੀ ਸਿਆਣਪ ਹੈ ? 'ਸੱਚਾ ਸੌਦਾ' ਲਿਖ ਕੇ ਝੂਠ ਦੇ ਵਪਾਰ ਕਰਨੇ ਗੁਰੂ ਸਾਹਿਬਾਨ ਦੀ ਸ਼ਰੇਆਮ ਬਦਨਾਮੀ ਕਰਨ ਤੁੱਲ ਹੈ। ਅੱਜ ਸਾਡਾ ਨਾਨਕ ਜਾਂ ਅਰਜਨ ਕਿਸੇ ਇਲਜ਼ਾਮ ਕਾਰਨ ਸੀਖਾਂ ਪਿੱਛੇ ਡਕਿਆ ਜਾਂਦਾ ਹੈ ਜਾਂ ਕੋਈ ਕੁਕਰਮ ਕਰਦਾ ਫੜ੍ਹਿਆ ਜਾਂਦਾ ਹੈ ਤਾਂ ਸਾਡਾ ਇਹ ਪਵਿਤਰ ਨਾਮ ਰੱਖਣਾ ਕਿਤਨਾ ਕੁ ਯੋਗ ਹੋਇਆ ? ਮਾਪਿਆਂ ਨੇ ਲਾਡਲੇ ਦਾ ਨਾਮ ਤਾਂ 'ਗੋਬਿੰਦ' ਰਖਿਆ ਹੈ, ਪ੍ਰੰਤੂ ਗਲੀ ਵਿਚ ਇਕ ਖੁਰਕ ਖਾਧੇ ਕੁਤੇ ਦੀ ਚੂੰ ਚੂੰ ਸੁਣਕੇ ਹੀ ਪੇਸ਼ਾਬ ਨਿਕਲੀ ਜਾ ਰਿਹਾ ਹੈ। ਇਸੇ ਤਰ੍ਹਾਂ ਸਾਡੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਿਸੇ ਖੇਡ ਦੇ ਫਾਈਨਲ ਵਿਚ ਕਿਸੇ ਹੋਰ ਯੂਨੀਵਰਸਿਟੀ ਤੋਂ ਮਾਤ ਖਾ ਗਈ ਹੈ ਤਾਂ ਅਖਬਾਰਾਂ ਵਿਚ ਮੋਟੇ ਅੱਖਰਾਂ ਵਿਚ ਇਹੋ ਕੈਪਸ਼ਨ ਛਪਦੀ ਹੈ—'ਗੁਰੂ ਨਾਨਕ ਹਾਰ ਗਿਆ" (**Guru Nanak Defeated**) ਅਤੇ ਕੋਈ ਆਮ ਗੈਰ-ਸਿੱਖ ਇਸ ਤੋਂ ਕੁਝ ਵੀ ਅਰਥ ਕੱਢ ਸਕਦਾ ਹੈ।

ਯਾਦ ਰੱਖੋ, ਗੁਰੂ ਸਾਹਿਬਾਨ ਨੂੰ ਅਸਲ ਸ਼ਰਧਾਂਜਲੀ ਉਨ੍ਹਾਂ ਦੀ ਸੱਚੀ ਸੁਚੀ ਸਿਖਿਆ ਨੂੰ ਹਿਰਦੇ ਵਿਚ ਵਸਾਉਣਾ ਅਤੇ ਉਸ ਉਤੇ ਅਮਲ ਕਰਨਾ ਹੈ ਨਾ ਕਿ ਉਨ੍ਹਾਂ ਦੇ ਪਾਵਨ ਨਾਮ ਆਪਣੇ ਵਪਾਰਕ ਅਦਾਰਿਆਂ ਨਾਲ ਜੋੜ ਕੇ ਆਪਣੀ ਗਾਹਕੀ ਨੂੰ ਚਮਕਾਉਣਾ। ਸੋ ਇਸ ਸਬੰਧ ਵਿਚ ਪੂਰੀ ਤਰ੍ਹਾਂ ਸੁਚੇਤ ਅਤੇ ਜਾਗਰੂਪ ਹੋਣ ਦੀ ਲੋੜ ਹੈ। 'ਉਚੀ ਦੁਕਾਨ ਅਤੇ ਫਿੱਕਾ ਪਕਵਾਨ' ਅਖਾਣ ਮੁਤਾਬਕ ਗੁਰੂ ਕੀ ਸਿਖਿਆ ਤੋਂ ਮੂੰਹ ਮੋੜ ਕੇ ਸਾਡਾ ਗੁਰੂ ਸਾਹਿਬਾਨ ਦੇ ਨਾਵਾਂ ਉਤੇ ਵਪਾਰਕ ਅਤੇ ਵਿਦਿਅਕ ਅਦਾਰੇ ਚਲਾਣਾ ਇਕ ਘੋਰ ਅਤੇ ਨਾਕਾਬਲੇ ਕਬੂਲ ਅਪਰਾਧ ਹੈ।


Sri Satguru Jagjit Singh Ji eLibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


# RAJPAL

## The Leading Name in Construction Machinery



CONCRETE MIXER 10/7 CFT

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**



CONCETE MIXER 7/5

Phones : Office : 529033
Factory : 501973
Resi. : 536093

# BALWANT SINGH & SONS

Offce : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp, C-70 NEW DELHI-110064




Sri Satguru Jagjit Singh Ji eLibrary NamdhariElibrary@gmail.com

# ਰਸੂਲ ਹਮਜ਼ਾਤੋਵ ਦੇ ਕਥਨ

(ਸੋਵੀਅਤ ਯੂਨੀਅਨ ਦੀ ਇਕ ਬਹੁਤ ਛੋਟੀ ਜਿਹੀ ਕੌਮੀਅਤ ਦੀ ਬੋਲੀ "ਆਵਾਰ" ਦਾ ਸ਼ਾਇਰ ਰਸੂਲ ਹਮਜ਼ਾਤੋਵ ਸੰਸਾਰ ਪ੍ਰਸਿਧ ਹਸਤੀ ਹੈ। ਉਸ ਦੀ ਅਪਣੀ ਜਨਮ-ਭੋਇੰ ਬਾਰੇ ਲਿਖੀ ਪੁਸਤਕ "ਮੇਰਾ ਦਾਗਿਸਤਾਨ" ਸੰਸਾਰ ਦੀਆਂ ਅਨੇਕਾਂ ਬੋਲੀਆਂ ਵਿਚ ਅਨੁਵਾਦਿਤ ਹੋ ਚੁਕੀ ਹੈ । ਆਪਣੇ ਸਹਿਜ ਅੰਦਾਜ਼ ਵਿਚ ਲਿਖੀ ਇਸ ਪੁਸਤਕ ਵਿਚਲੇ ਕਈ ਪੈਰੇ ਅਤੇ ਵਾਕ ਕਹਾਵਤਾਂ ਅਤੇ ਅਖੌਤਾਂ ਬਣ ਚੁਕੀਆਂ ਹਨ। ਪੇਸ਼ ਹਨ ਰਸੂਲ ਹਮਜ਼ਾਤੋਵ ਦੀ ਇਸ ਪੁਸਤਕ ਵਿਚੋਂ ਲਏ ਕੁਝ ਕਥਨ। —ਸੰਪਾਦਕ)

### ਮਹਿਮਾਨ ਤੇ ਮੇਜ਼ਬਾਨ

ਰਾਹੀਆਂ ਜੇ ਤੂੰ ਸਾਡੇ ਕੋਲੋਂ ਲੰਘ ਜਾਵੇ ਮੂੰਹ ਫੇਰ
ਘੋਰ ਤੂਫਾਨ ਤੇ ਬਿਜਲੀਆਂ ਤੈਨੂੰ ਲੈਸਨ ਰਾਹ ਵਿਚ ਘੇਰ
ਜੇ ਤੈਨੂੰ ਨਾ ਖੁਸ਼ੀ ਮਿਲੇ ਮੇਰੇ ਘਰ ਆਏ ਮਹਿਮਾਨ
ਮੈਨੂੰ ਢਾਹ ਢੇਰੀ ਕਰਨ ਫਿਰ ਬਿਜਲੀਆਂ ਤੇ ਤੂਫਾਨ
[ਦਰਵਾਜੇ ਉੱਤੇ ਉੱਕਰੇ ਸ਼ਬਦ]

——

ਜਿਹੜਾ ਵੀ ਕੋਈ ਘਰ ਆਏ ਮਹਿਮਾਨ ਨੂੰ ਦੇਖ ਕੇ ਖੁਸ਼ ਨਹੀ ਉਹ ਇਸ ਗਲ ਦਾ ਹੱਕਦਾਰ ਏ ਕਿ ਉਸ ਦੀਆਂ ਸਭ ਹੱਡੀਆਂ ਤੋੜ ਦਿਤੀਆਂ ਜਾਣ। ਜੇ ਕੋਈ ਵੱਟੇ ਮੂੰਹ ਨਾਲ ਜਾਂ ਮੱਥੇ ਤਿਊੜੀ ਪਾ ਕੇ ਮਹਿਮਾਨ ਨੂੰ ਮਿਲਦਾ ਏ ਤਾਂ ਰੱਬ ਕਹੇ ਉਸ ਦੇ ਘਰ ਕੋਈ ਸਲਾਹ ਦੇਣ ਵਾਲੇ ਸਿਆਣੇ ਜਾਂ ਸਲਾਹ ਸੁਨਣ ਵਾਲੇ ਛੋਟੇ ਨਾ ਹੋਣ।

——

ਬੇਸ਼ਕ ਭਾਵਨਾਵਾਂ ਤੇ ਵਿਚਾਰ ਇੰਝ ਆਉਂਦੇ ਹਨ ਜਿਵੇਂ ਪਹਾੜਾਂ ਵਿਚ ਪਰਾਹੁਣੇ, ਬਿਨਾਂ ਬੁਲਾਏ ਤੇ ਬਿਨਾਂ ਪਤਾ ਦਿਤੇ। ਪਰਾਹੁਣੇ ਵਾਂਗ ਹੀ ਤੁਸੀਂ ਉਹਨਾਂ ਤੋਂ ਲੁਕ ਨਹੀ ਸਕਦੇ, ਨੱਠ ਨਹੀ ਸਕਦੇ।

——

### ਭੂਤ-ਭਵਿਖ

ਜੇ ਬੀਤੇ ਉਤੇ ਪਿਸਤੌਲ ਨਾਲ ਗੋਲੀ ਚਲਾਓਗੇ,
ਤਾਂ ਭਵਿਖ ਤੁਹਾਨੂੰ ਤੋਪ ਨਾਲ ਫੁੰਡੇਗਾ
ਅਬੂ ਤਾਲਿਬ ਦਾ ਕਥਨ

——

ਨਿੱਕੇ ਬਾਲ ਵੀ ਵੱਡੇ ਸੁਪਣੇ ਲੈ ਸਕਦੇ ਨੇ
[ਪੰਘੂੜੇ ਉਪਰ ਉੱਕਰੇ ਸ਼ਬਦ]

——

ਨੀਂਦ ਖੁਲੇ ਤਾਂ ਇਕ ਦਮ ਨਾ ਬਿਸਤਰੇ ਵਿਚੋਂ ਕੁਦ ਪਵੋ ਜਿਵੇਂ ਤੁਹਾਨੂੰ ਕਿਸੇ ਨੇ ਡੰਗਿਆ ਹੋਵੇ। ਪਹਿਲਾਂ ਜੋ ਕੁਝ ਤੁਸੀਂ ਸੁਪਨੇ ਵਿਚ ਦੇਖਿਆ ਸੀ, ਉਸ ਬਾਰੇ ਵਿਚਾਰੋ ।

——

### ਹੱਥ ਲਿਖਤਾਂ ਦੀ ਫੋਲਾ-ਫਾਲੀ

ਜਿਹੜਾ ਕੋਈ ਦੂਜੇ ਲੋਕਾਂ ਦੀਆਂ ਹੱਥ ਲਿਖਤਾਂ ਦੀ ਫੋਲਾ-ਫੋਲੀ ਕਰਦਾ ਹੈ, ਉਹ ਉਸ ਆਦਮੀ ਵਰਗਾ ਹੈ ਜਿਹੜਾ ਦੂਜਿਆਂ ਦੀਆਂ ਜੇਬਾ ਟੋਲਦਾ ਫਿਰਦਾ ਹੈ।

### ਹਥਿਆਰ ਤੇ ਕਵਿਤਾ

ਹਥਿਆਰ ਜਿਨ੍ਹਾਂ ਦੀ ਇਕ ਵਾਰੀ ਲੋੜ ਪਵੇਗੀ ਜ਼ਿੰਦਗੀ ਭਰ ਚੁੱਕਣੇ ਪੈਂਦੇ ਨੇ।

ਕਵਿਤਾ ਜੋ ਜੀਵਨ ਭਰ ਦੁਹਰਾਈ ਜਾਇਗੀ, ਇਕ ਵਾਰੀ ਵਿਚ ਲਿਖੀ ਜਾਂਦੀ ਏ ।

——

### ਰਾਤ ਦਿਨ

ਕਹਾਵਤ ਹੈ :- ਜੇ ਦੁਨੀਆਂ ਵਿਚ ਕੋਈ ਅਲੀ ਨਾ ਹੁੰਦਾ ਤਾਂ ਕੋਈ ਉਮਰ ਵੀ ਪੈਦਾ ਨਾ ਹੁੰਦਾ। ਜੇ ਰਾਤ ਨਾ ਹੁੰਦੀ ਤਾਂ ਸਵੇਰ ਦੇ ਚੜਨ ਲਈ ਕੋਈ ਥਾਂ ਨਾਂ ਹੁੰਦੀ।

——

### ਕੁੜੀ ਮੁੰਡੇ ਦਾ ਨਾਮ

ਕੁੜੀ ਦਾ ਨਾਂ ਸਿਤਾਰੇ ਦੀ ਚਮਕ ਵਾਂਗ ਜਾਂ ਫੁੱਲ ਦੀ ਸੁਗੰਧ ਵਾਂਗ ਹੋਣਾ ਚਾਹੀਦਾ ਹੈ । ਆਦਮੀ ਦਾ ਨਾਂ ਤਲਵਾਰਾਂ ਦੀ ਖੜਕਾਰ ਜਾਂ ਗਰੰਥਾਂ ਦੀ ਸਿਆਣਪ ਵਰਗਾ ਹੋਣਾ ਚਾਹੀਦਾ ਹੈ।

——

### ਬੋਲੀ :

ਇਥੇ ਬਾਲ ਹੈ ਰੋਂਦਾ ਤੇ ਖਿੜ ਖਿਲੀਆਂ ਪਾਉਂਦਾ
ਭਾਵੇ ਇਕ ਵੀ ਲਫਜ ਅਜੇ ਤੱਕ ਨਹੀ ਕਹਿ ਪਾਇਆ
ਸਮਾਂ ਆਇਆ ਤੇ ਸਭ ਕੁਝ ਉਹ ਖੁਦ ਦਸੇਗਾ,
ਕੌਣ ਹੈ ਉਹ ਤੇ ਕਾਹਦੇ ਲਈ ਦੁਨੀਆਂ ਤੇ ਆਇਆ।
(ਪੰਘੂੜੇ ਉਤੇ ਉਕਰੇ ਸ਼ਬਦ)

——

ਬੱਚੇ ਨੂੰ ਬੋਲਣਾ ਸਿਖਣ ਲਈ ਦੋ ਸਾਲ ਲਗਦੇ ਨੇ, ਆਦਮੀ ਨੂੰ ਅਪਣੀ ਜ਼ਬਾਨ ਸੰਭਾਲਣੀ ਸਿੱਖਣ ਉੱਤੇ ਸੱਠ ਸਾਲ ਲੱਗ ਜਾਂਦੇ ਨੇ।



Sri Satguru Jagjit Singh Ji eLibrary NamdhariElibrary@gmail.com

## ਸ਼ਬਦ ਤੇ ਕਵੀ

ਜੇ ਦੁਨੀਆਂ ਵਿਚ ਕੋਈ ਸ਼ਬਦ ਨ ਹੁੰਦੇ ਤਾਂ ਇਹ ਇਸ ਤਰ੍ਹਾਂ ਦੀ ਨਾ ਹੁੰਦੀ, ਜਿਸ ਤਰ੍ਹਾਂ ਦੀ ਹੈ।

——

ਕਵੀ ਸੰਸਾਰ ਦੀ ਰਚਨਾ ਤੋਂ ਸੌ ਸਾਲ ਪਹਿਲਾਂ ਜਨਮਿਆ ਸੀ।

——

ਜਿਹੜਾ ਵੀ ਕੋਈ ਬਿਨਾ ਬੋਲੀ ਜਾਣਿਆਂ ਕਵਿਤਾ ਲਿਖਨ ਦੀ ਹਿੰਮਤ ਕਰਦਾ ਹੈ, ਉਹ ਉਸ ਪਾਗਲ ਵਾਂਗ ਹੈ, ਜਿਹੜਾ ਹੜ ਆਏ ਦਰਿਆ ਵਿਚ ਛਾਲ ਕਢ ਮਾਰਦਾ ਹੈ, ਪਰ ਤਰਨਾ ਨਹੀ ਜਾਣਦਾ।

——

## ਅਖਾਂ ਕੰਨ ਤੇ ਜ਼ਬਾਨ

ਇਸ ਪੁੱਛਿਆ ਜਾ ਸਕਦਾ ਹੈ : ਆਦਮੀ ਨੂੰ ਉਸਦੀਆਂ ਅੱਖਾਂ, ਕੰਨ ਤੇ ਜ਼ਬਾਨ ਕਿਉਂ ਦਿਤੀ ਗਈ ? ਕਿਓਂ ਆਦਮੀ ਦੀਆਂ ਦੋ ਅੱਖਾਂ, ਦੋ ਕੰਨ ਹਨ ਪਰ ਸਿਰਫ ਇਕ ਜ਼ਬਾਨ ਹੈ? ਕਾਰਨ ਜ਼ਰੂਰ ਇਹ ਹੋਵੇਗਾ ਕਿ ਇਸ ਤੋਂ ਪਹਿਲਾਂ ਕਿ ਜ਼ਬਾਨ ਤੋਂ ਨਿਕਲ ਕੇ ਇਕ ਵੀ ਲਫ਼ਜ਼ ਦੁਨੀਆਂ ਵਿਚ ਜਾਵੇ, ਦੋ ਅੱਖਾਂ ਨੂੰ ਜ਼ਰੂਰ ਕੁਝ ਦੇਖਨ ਦਾ ਤੇ ਦੋ ਕੰਨਾਂ ਨੂੰ ਕੁਝ ਸੁਨਣ ਦਾ ਕੰਮ ਕਰਨਾ ਚਾਹੀਦਾ ਹੈ।

——

## ਸ਼ਬਦ ਵਰਤੋਂ

ਪਿਤਾ ਜੀ ਮੈਨੂੰ ਹਰ ਵਾਰੀ ਇਹ ਕਹਿ ਕੇ ਠੀਕ ਕਰਦੇ ਕੀ ਲਫ਼ਜ਼ ਕੋਈ ਅਖਰੋਟ ਹੈ ਕਿ ਉਸਨੂੰ ਦੰਦਾਂ ਹੇਠ ਤੋੜਨਾ ਤੇ ਪੀਹਣਾ ਜ਼ਰੂਰੀ ਹੋਵੇ ? ਕੀ ਇਹ ਕੋਈ ਲਸਣ ਹੈ ਇਸ ਨੂੰ ਕੂੰਡੀ ਡੰਡੇ ਵਿਚ ਪੀਸਿਆ ਜਾਵੇ ? ਕੀ ਇਹ ਕੋਈ ਖੁਸ਼ਕ ਪਥਰੀਲੀ ਜ਼ਮੀਨ ਹੈ ਕਿ ਇਸ ਨੂੰ ਭਾਰੀ ਹਲ ਨਾਲ ਤੇ ਬਹੁਤ ਸਾਰਾ ਜ਼ੋਰ ਲਾ ਕੇ ਵਾਹਿਆ ਜਾਏ ? ਤੈਨੂੰ ਆਪਣੇ ਸ਼ਬਦ ਫਰਣ ਫਰਣ ਬੋਲਣੇ ਚਾਹੀਦੇ ਨੇ, ਆਰਾਮ ਨਾਲ, ਬਿਨਾਂ ਕਿਲ੍ਹਿਆਂ ਤਾਂ ਕਿ ਦੰਦ ਨ ਵੱਜਣ।"

——

ਪਹਾੜਾਂ ਵਿਚ ਚੰਗੀ ਤਰ੍ਹਾਂ ਕਹੇ ਗਏ, ਢੁਕਵੇਂ ਤੇ ਟਿਕਵੇਂ ਲਫ਼ਜ਼ ਬਾਰੇ ਕਹਿੰਦੇ ਨੇ "ਇਹ ਚੰਗੀ ਕਾਠੀ ਪਏ ਘੋੜੇ ਦੇ ਬਰਾਬਰ ਹੈ।"

——

ਨਾਲ ਲਗਦੀ ਆਊਲ ਤੋਂ ਕੁਝ ਨੌਜਵਾਨ ਮੇਰੇ ਪਿਤਾ ਕੋਲ ਆਏ ਤੇ ਉਹਨਾਂ ਨੂੰ ਦੱਸਣ ਲਗੇ ਕਿ ਅਸੀ ਇਕ ਗੱਵਈਏ ਨੂੰ ਕੁਟਾਪਾ ਚਾੜ ਕੇ ਆਏ ਹਾਂ।

"ਤੁਸੀਂ ਉਸ ਨੂੰ ਕਿਉਂ ਕੁੱਟਿਆ ? ਪਿਤਾ ਜੀ ਨੇ ਪੁੱਛਿਆ।

ਉਹ ਗਾਉਂਦਾ ਗਾਉਂਦਾ ਏਨੀ ਫੂਕ ਲੈਂਦਾ ਸੀ— ਜਾਣ ਬੁੱਝ ਕੇ ਖੰਘਦਾ ਸੀ, ਲਫ਼ਜ਼ਾਂ ਨੂੰ ਖਲਤ-ਮਲਤ ਕਰਦਾ ਸੀ, ਇੱਕਦਮ ਚੀਕਾਂ ਕਢਣ ਲੱਗ ਪੈਂਦਾ, ਇੱਕ ਦਮ ਕੁੱਤੇ ਵਾਂਗ ਭੌਂਕਣ ਲੱਗ ਪੈਂਦਾ। ਉਸਨੇ ਗਾਣਾ ਤਬਾਹ ਕਰ ਦਿਤਾ, ਇਸ ਲਈ ਅਸੀਂ ਉਏ ਨੂੰ ਕੁਟਾਪਾ ਚਾੜ੍ਹਿਆ।"

"ਤੁਸੀਂ ਉਸਨੂੰ ਕਾਹਦੇ ਨਾਲ ਕੁੱਟਿਆ ?"

"ਕੁੱਝ ਨੇ ਆਪਣੀਆਂ ਪੇਟੀਆਂ ਨਾਲ ਬਾਕੀ ਦਿਆਂ ਨੇ ਘਸੁੰਨਾਂ ਨਾਲ।"

"ਤਹਾਨੂੰ ਚਾਬਕ ਵੀ ਵਰਤਣੀ ਚਾਹੀਦੀ ਸੀ। ਪਰ ਮੈਨੂੰ ਦਸੋ ਤੁਸੀਂ ਕਿਹੜੀ ਥਾਂ ਉਤੇ ਮਾਰੀਆਂ ?"

"ਜ਼ਿਆਦਾ ਤਾਂ ਹੇਠਲੇ ਹਿੱਸੇ ਉੱਤੇ ਹੀ ਪਈਆਂ, ਪਰ ਧੌਣ ਉੱਤੇ ਵੀ ਕੁਝ ਪਈਆਂ ਹੋਣਗੀਆਂ।"

"ਪਰ ਸਭ ਤੋਂ ਬਹੁਤਾ ਕਸੂਰ ਉਸਦੇ ਸਿਰ ਦਾ ਸੀ।"

——

## ਸੌਂਹ ਅਤੇ ਸੱਚ

ਮੇਰੇ ਇਕ ਮਿਤਰ ਨੇ ਇਕ ਵਾਰੀ ਕਿਹਾ ਸੀ : ਮੈਂ ਆਪਣੇ ਵਚਨ ਦਾ ਮਾਲਕ ਹਾਂ, ਚਾਹਾਂ ਤਾਂ ਇਸ ਨੂੰ ਪੂਰਾ ਕਰਾਂ ਚਾਹਾਂ ਤਾਂ ਤੋੜ ਦਿਆਂ। ਮੇਰੇ ਮਿਤਰ ਲਈ ਹੋ ਸਕਦਾ ਹੈ ਇਹ ਠੀਕ ਹੋਵੇ, ਪਰ ਲੇਖਕ ਨੂੰ ਆਪਣੇ ਵਚਨ ਦਾ, ਅਪਣੀ ਸੌਗੰਧ ਦਾ ਜਾਂ ਅਪਣੀ ਬਦ-ਦੁਆ ਦਾ ਸੱਚਾ ਸਵਾਮੀ ਹੋਣਾ ਚਾਹੀਦਾ ਹੈ। ਇਕੋ ਮੰਤਵ ਲਈ ਉਸਨੂੰ ਦੋ ਸੌਹਾਂ ਨਹੀਂ ਖਾਣੀਆ ਚਾਹੀਦੀਆਂ। ਆਮ ਕਰਕੇ, ਜਿਹੜਾ ਅਕਸਰ ਸੌਹਾਂ ਖਾਂਦਾ ਰਹਿੰਦਾ ਹੈ, ਮੇਰੀ ਰਾਏ ਵਿਚ ਉਹ ਬਿਲਕੁਲ ਝੂਠਾ ਹੈ।

——

## ਵਿਸ਼ਿਆਂ ਬਾਰੇ :—

ਦਰਵਾਜ਼ਾ ਭੰਨੋ ਨਾ—ਕੁੰਜੀ ਨਾਲ ਇਹ ਸਹਿਜੇ ਹੀ ਖੁਲ੍ਹ ਜਾਇਗਾ।

(ਦਰਵਾਜ਼ੇ ਉਤੇ ਉੱਕਰੇ ਸ਼ਬਦ)

ਇਹ ਨਾ ਕਹੋ : "ਮੈਨੂੰ ਦਿਸ਼ਾ ਦਸੋ।"
ਸਗੋਂ ਇਹ ਕਹੋ : ਮੈਨੂੰ ਅੱਖਾਂ ਦਿਉ।"

(ਨੌਜਵਾਨ ਲੇਖਕ ਨੂੰ ਸਲਾਹ)

——

## ਪਿਆਰੇ ਗੀਤ

ਹੇ ਬਾਜ਼, ਤੇਰਾ ਸਭ ਤੋਂ ਪਿਆਰਾ ਗੀਤ ਕਾਹਦੇ ਬਾਰੇ ਹੈ ?

"ਉੱਚੇ ਪਹਾੜਾਂ ਬਾਰੇ।"

"ਹੇ ਸਮੁੰਦਰੀ ਮੁਰਗਾਬੀ, ਤੇਰਾ ਸਭ ਤੋਂ ਪਿਆਰਾ ਗੀਤ ਕਾਹਦੇ ਬਾਰੇ ਹੈ ?"

"ਨੀਲੇ ਸਾਗਰ ਬਾਰੇ।"


Sri Satguru Jagjit Singh Ji eLibrary NamdhariElibrary@gmail.com

"ਹੇ ਕਾਗ, ਤੇਰਾ ਸਭ ਤੋਂ ਮਨ ਭਾਉਂਦਾ ਗੀਤ ਕਾਹਦੇ ਬਾਰੇ ਹੈ ?

"ਰਣ ਭੂਮੀ ਵਿਚ ਪਈਆਂ ਅਤਿ ਸੁਆਦੀ ਲਾਸ਼ਾਂ ਬਾਰੇ।"

——

## ਕਵੀ : ਲਾਟ

ਕਵੀ ਨੂੰ ਪਰਛਾਵਾਂ ਕਦੀ ਨਹੀ ਬਨਣਾ ਚਾਹੀਦਾ, ਉਸਨੂੰ ਤਾਂ ਲਾਟ ਚਾਨਣ ਦਾ ਸੋਮਾ ਬਨਣਾ ਚਾਹੀਦਾ ਹੈ, ਇਸਦਾ ਕੋਈ ਫਰਕ ਨਹੀਂ ਪੈਂਦਾ ਕਿ ਇਹ ਲਾਟ ਮਧਮ ਜਿਹੀ ਹੈ ਜਾਂ ਕਿ ਸੂਰਜ ਵਾਂਗ ਹੈ। ਚਾਨਣ ਦਾ ਕੋਈ ਪਰਛਾਵਾਂ ਨਹੀਂ ਹੁੰਦਾ, ਚਾਨਣ ਸਿਰਫ ਚਾਨਣ ਪੈਦਾ ਕਰਦਾ ਹੈ।

——

## ਮਹਾਨ ਤੇ ਤੁੱਛ ਆਦਮੀ

ਵਰਖਾ ਦੀ ਇਕ ਕਨੀ ਵਿਚ ਹੜ ਲੁਕਿਆ ਹੁੰਦਾ ਹੈ। ਮਹਾਨ ਆਦਮੀ ਤੇ ਤੁੱਛ ਆਦਮੀ ਵਿਚ ਫਰਕ ਇਹ ਹੁੰਦਾ ਹੈ ਕਿ ਤੁੱਛ ਆਦਮੀ ਸਿਰਫ ਵੱਡੀਆਂ ਵੱਡੀਆ ਚੀਜ਼ਾਂ ਤੇ ਵਰਤਾਰਿਆਂ ਨੂੰ ਹੀ ਪਛਾਣ ਸਕਦਾ ਹੈ ਜਦ ਕਿ ਆਪਣੇ ਨੱਕ ਹੇਠਾਂ ਪਈ ਚੀਜ਼ ਵਲੋਂ ਬੇ-ਧਿਆਨ ਰਹਿੰਦਾ ਹੈ ਪਰ ਮਹਾਨ ਆਦਮੀ ਵੱਡੀਆਂ ਛੋਟੀਆਂ ਹਰ ਤਰ੍ਹਾਂ ਦੀਆਂ ਚੀਜਾਂ ਦੇਖਦਾ ਹੈ ਤੇ ਨਿਗੂਣੀ ਤੋਂ ਨਿਗੂਣੀ ਚੀਜ਼ ਵਿਚ ਵੀ ਮਹਾਨ ਤੋਂ ਮਹਾਨ ਕੁਝ ਦੇਖਣ ਦੇ ਤੇ ਦੂਜਿਆਂ ਨੂੰ ਦਿਖਾਉਣ ਦੇ ਸਮਰੱਥ ਹੁੰਦਾ ਹੈ।

——

ਮੂਰਖ ਚੀਖ ਮਾਰ ਕੇ ਚਕ੍ਰਿਤ ਕਰਦਾ ਹੈ, ਪਰ ਸਿਆਣਾ ਵੇਲੇ ਸਿਰ ਢੁਕਵੀਂ ਗੱਲ ਕਰਕੇ।

——

ਬਸੰਤ ਆਏ ਤਾ : ਗੀਤ ਗਾਓ।
ਸਿਆਲ ਆਏ ਤਾਂ ਕਹਾਣੀ ਸੁਣਾਓ

——

ਸਿਆਣੇ ਹੱਥਾਂ ਵਿਚ ਸੱਪ ਦੀ ਜ਼ਹਿਰ ਵੀ ਭਲਾ ਕਰ ਸਕਦੀ ਹੈ, ਮੂਰਖ ਦੇ ਹੱਥਾਂ ਵਿਚ ਸ਼ਹਿਦ ਵੀ ਨੁਕਸਾਨ ਪੁੱਚਾ ਸਕਦਾ ਹੈ।

ਇਕ ਹੋਰ ਅਖਾਣ : ਜੇ ਤੁਸੀਂ ਕਹਾਣੀ ਸੁਣਾ ਨਹੀਂ ਸਕਦੇ, ਤਾਂ ਗਾਓ ਜੇ ਗਾ ਨਹੀਂ ਸਕਦੇ ਤਾਂ ਕਹਾਣੀ ਸੁਣਾਓ।

## ਸ਼ੈਲੀ

ਗਾਉਣ ਵਾਲੇ ਦਾ ਗਲਾ ਉਸਦੀ ਪਛਾਣ।
ਸੁਨਿਆਰੇ ਦੀ ਪਰਖ—ਗਹਿਣਿਆਂ ਦੀ ਸ਼ਾਨ
(ਕੂਬਾਗੀ ਦਸਤਕਾਰੀ ਉਤੇ ਉਕਰੇ ਸ਼ਬਦ)

——

"ਕਿਉਂ ਤੂੰ ਚੀਖਦਾ ਪਿਐਂ ?

"ਮੈਂ ਚੀਖਦਾ ਨਹੀਂ ਮੈਂ ਗਲਾਂ ਹੀ ਏਦਾ ਕਰਦਾਂ।
(ਪਤੀ ਪਤਨੀ ਵਿਚਕਾਰ ਗਲਬਾਤ)

"ਤੇਰੀਆਂ ਨਜ਼ਮਾਂ ਵਿਚ ਕਵਿਤਾ ਨਹੀਂ ਲਗਦੀ।"
ਮੇਰਾ ਲਿਖਣ ਢੰਗ ਇਸ ਤਰ੍ਹਾਂ ਦਾ ਹੈ।
(ਪਾਠਕ ਤੇ ਕਵੀ ਵਿਚਕਾਰ ਗਲਬਾਤ)

——

ਹਰ ਜਾਨਵਰ ਦਾ ਆਪਣਾ ਤਰੀਕਾ ਹੁੰਦਾ ਹੈ। ਸ਼ਿਕਾਰੀ ਨੂੰ ਧੋਖਾ ਦੇਣ ਦਾ ਆਪਣਾ ਢੰਗ ਹੁੰਦਾ ਹੈ। ਹਰ ਸ਼ਿਕਾਰੀ ਦਾ ਅਪਣੇ ਸ਼ਿਕਾਰ ਤੱਕ ਪਹੁੰਚਣ ਤੇ ਉਸਨੂੰ ਫੜਣ ਦਾ ਆਪਣਾ ਆਪਣਾ ਤਰੀਕਾ ਹੁੰਦਾ ਹੈ। ਇਸੇ ਤਰਾਂ ਹਰ ਲੇਖਕ ਦਾ ਆਪਣਾ ਢੰਗ ਹੁੰਦਾ ਹੈ। ਕੰਮ ਕਰਣ ਦਾ ਆਪਣਾ ਹੀ ਤਰੀਕਾ ਆਪਣਾ ਹੀ ਆਚਰਣ, ਆਪਣੀ ਨਿੱਜੀ ਸ਼ੈਲੀ ਹੁੰਦੀ ਹੈ।

——

ਅਸੀਂ ਤਾਂ ਪਥਰ, ਕੰਧਾਂ ਵਿਚ ਅਸੀਂ ਲਗ ਜਾਣਾ
ਜੇਲ, ਸਰਾਂ ਮਹੱਲ ਭਾਵੇਂ ਹੋਵੇ ਬੁੱਤਖਾਣਾ।
(ਇਕ ਪਥੱਰ ਉਤੇ ਉਕਰਾਈ)

——

## ਕਲਾ ਕੌਸ਼ਲਤਾ ਵਾਲਾ ਮਨੁੱਖ

ਕਲਾ ਕੌਸ਼ਲਤਾ ਵਾਲਾ ਇਕ ਅੰਨਾਂ ਆਦਮੀ, ਅੱਖਾਂ ਵਾਲੇ ਪਰ ਕਲਾ ਕੌਸ਼ਲਤਾ ਤੋਂ ਸੱਖਣੇ ਆਦਮੀ ਨਾਲੋਂ ਵੀ ਜ਼ਿਆਦਾ ਦੇਖਦਾ ਹੈ। ਕਹਾਵਤ ਹੈ ਕਿ ਸਿਆਣਾ ਆਦਮੀ ਆਪਣੀ ਬੈਠਕ ਵਿਚ ਬੈਠਾ ਹੀ ਏਨਾ ਜ਼ਿਆਦਾ ਦੇਖ ਲੈਂਦਾ ਹੈ, ਜਿੰਨਾ ਇਕ ਮੂਰਖ ਦੁਨੀਆਂ ਦੁਆਲੇ ਗੇੜਾ ਲਾ ਕੇ ਨਹੀਂ ਦੇਖ ਸਕਦਾ।

——

## ਝੂਠ-ਸੱਚ

ਝੂਠ ਝੂਠ ਹੈ, ਸੱਚ ਸੱਚ। ਇਹ ਛੋਟੇ ਜਾਂ ਵੱਡੇ ਨਹੀਂ ਹੋ ਸਕਦੇ। ਜ਼ਿੰਦਗੀ ਵੀ ਹੈ, ਮੌਤ ਵੀ। ਜਦੋਂ ਮੌਤ ਆਉਂਦੀ ਹੈ ਤਾਂ ਜਿੰਦਗੀ ਨਹੀ ਰਹਿੰਦੀ ਤੇ ਇਸਦੇ ਉਲਟ ਜਦੋਂ ਤੱਕ ਇਕ ਵੀ ਸਾਹ ਬਾਕੀ ਹੈ, ਅਜੇ ਮੌਤ ਨਹੀਂ ਆਈ। ਇਹ ਨਾਲੋ ਨਾਲ ਨਹੀ ਚੱਲ ਸਕਦੀਆਂ। ਇਕ ਹੋਵੇ ਤਾਂ ਦੂਜੀ ਨਹੀਂ ਹੁੰਦੀ। ਝੂਠ ਤੇ ਸੱਚ ਦਾ ਵੀ ਇਹੀ ਹਾਲ ਹੈ।

ਝੂਠ ਸ਼ਰਮਨਾਕ, ਗੰਦਾ ਤੇ ਘਿਨਾਉਣਾ ਹੈ, ਸੱਚ ਦਾ ਮਤਲਬ ਹੈ ਸਵੱਛਤਾ, ਸੁੰਦਰਤਾ, ਨਿਰਮਲ ਆਕਾਸ਼। ਝੂਠ ਦਾ ਮਤਲਬ ਹੈ ਹਿੰਮਤ। ਜਾਂ ਇਕ ਚੀਜ਼ ਹੋ ਸਕਦੀ ਹੈ ਜਾਂ ਦੂਜੀ। ਵਿਚ ਵਿਚਾਲੇ ਕੋਈ ਰਾਹ ਨਹੀਂ।

×


Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪ੍ਰਤਿਕ੍ਰਿਆ

ਟਾਈਟਲ ਖੁਲਦਿਆਂ ਹੀ ਸਤਿਗੁਰੂ ਜੀ ਦੇ ਸੇਠ ਸਿਠਾਣੀ ਜੀ ਨਾਲ ਦਰਸ਼ਨ ਹੋਏ ਤੇ ਜੋ ਕੁਝ ਤੁਸਾਂ ਲਿਖਿਆ ਉਹਦਾ ਕੋਈ ਮੁੱਲ ਨਹੀਂ। ਮੈਂ ਸੰਗੀਤ ਰਿਪੋਰਟ ਵੀ ਪੜੀ ਹੈ ਤੇ ਮਾਸਕੋ ਯਾਤਰਾ ਵੀ। ਤੁਹਾਡੀ ਕਲਮ ਨੂੰ ਸਲਾਮ ਕਰਨ ਤੇ ਜੀ ਕਰਦਾ ਹੈ। ਪ੍ਰੌਢਤਾ ਧੀਰਤਾ, ਗੰਭੀਰਤਾ ਤੇ ਦੂਰਵੀਖ-ਸੁਣਤਾ, ਸਭਣਾ ਦਾ ਏਨਾ ਸੁੰਦਰ ਸਾਹਿਤਕ ਮੇਲ ਕਿ ਜੀ ਕਰਦਾ ਹੈ ਆਪਣੀਆਂ ਕਲਮਾਂ ਭੰਨ ਦੇਈਏ। ਪਰ ਭੰਨੀਆਂ ਨਹੀਂ ਜਾਣਗੀਆਂ ਕਿਉਂਕਿ ਸਾਡੀ ਜਾਣ ਪਛਾਣ ਦੁਨੀਆਂ ਨੂੰ ਸਾਡੀ ਕਲਮ ਕਰਕੇ ਹੀ ਹੈ। ਅਸੀਂ ਇਸ ਨੂੰ ਨਮਸਕਾਰ ਕਰਾਂਗੇ। ਤੁਸੀਂ ਨਵੇ ਯੁਗ ਦੇ ਅਗਵਾਨੂ, ਨਵੀਆਂ ਸੰਭਾਵਨਾਵਾਂ ਨਾਲ ਪਰਣਾਏ ਹੋਏ ਹੋਣ ਕਰਕੇ ਤੁਹਾਨੂੰ ਅਗੋਚ ਮਿਲਣੀ ਹੀ ਚਾਹੀਦੀ ਹੈ।

ਪ੍ਰੀਤਮ ਸਿੰਘ ਕਵੀ
ਨਵੀਂ ਦਿਲੀ

——

ਆਪ ਦੇ ਵਰਿਆਮ ਨੂੰ ਪੜਦਿਆਂ ਕਾਫੀ ਸਮਾਂ ਹੋ ਗਿਆ ਹੈ। ਇਸ ਵਿਚ ਜੋ ਆਪ ਨੇ ਪਹਿਲਾਂ ਬੀਤੇ ਦੀਆਂ ਪੈੜਾ ਤੇ ਹੁਣ ਤੇ ਰੂਸ ਯਾਤਰਾ ਬਾਰੇ ਲਿਖ ਰਹੇ ਹੋ ਇਸ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ ਉਤਨੀ ਹੀ ਥੋਹੜੀ ਹੈ। ਮੈਨੂੰ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਰੂਸ ਯਾਤਰਾ ਦਾ ਜਿਸ ਤਰੀਕੇ ਨਾਲ ਵਰਨਣ ਕਰ ਰਹੇ ਹੋ ਇੰਝ ਲਗਦਾ ਹੈ ਜਿਵੇਂ ਅਸੀਂ ਤੁਹਾਡੇ ਨਾਲ ਹੀ ਸੈਰ ਕੀਤੀ ਹੋਵੇ। ਹਰ ਸ਼ਹਿਰ ਦਾ ਬੜੇ ਪਰਭਾਵ ਸ਼ਾਲੀ ਢੰਗ ਨਾਲ ਵਰਨਣ ਕੀਤਾ ਹੈ ਤੇ ਛੋਟੀ ਛੋਟੀ ਗਲ ਵੀ ਨਜ਼ਰੋਂ ਉਹਲੇ ਨਹੀਂ ਹੋਣ ਦਿਤੀ।

ਬੀਤੇ ਦੀਆਂ ਪੈੜਾਂ ਵੀ ਇਸ ਤਰ੍ਹਾਂ ਹੀ ਸੀ। ਉਹਨਾਂ ਨੂੰ ਵੀ ਪੜਣ ਲਗਿਆਂ ਇਸ ਤਰ੍ਹਾਂ ਜਾਪਦਾ ਸੀ ਕਿ ਹਰ ਨਜ਼ਾਰਾ ਸਾਹਮਣੇ ਨਜ਼ਰ ਆ ਰਿਹਾ ਹੈ।

ਬਾਕੀ ਰਹਿੰਦੀ ਖੂੰਦੀ ਕਸਰ ਤੁਸੀਂ ਜੋ ਹੁਣ ਭੈਣੀ ਸਾਹਿਬ ਗੋਸ਼ਟੀ ਹੋਈ ਹੈ ਉਸ ਨੂੰ ਹੂ ਬਹੂ ਲਿਖ ਕੇ ਪੂਰੀ ਕਰ ਦਿਤੀ ਹੈ। ਜਿਸ ਤਰ੍ਹਾਂ ਤੁਹਾਨੂੰ ਉਹਨਾਂ ਉਸਤਾਦਾਂ ਦੀ ਸਿਫਤ ਵਿਚ ਕੋਈ ਲਫਜ਼ ਨਹੀਂ ਸਨ ਲਭੇ ਇਸ ਤਰ੍ਹਾ ਮੈਨੂੰ ਵੀ ਆਪ ਦੀ ਕਲਮ ਦੇ ਜਾਦੂ ਦੀ ਤਾਰੀਫ ਦੇ ਲਫਜ਼ ਨਹੀਂ ਲਭ ਰਹੇ। ਸੋ ਇਸ ਤਰ੍ਹਾਂ ਸੋਹਣਾ ਤੇ ਸੁਆਦਲਾ ਲਿਖਣ ਤੇ ਬਾਰ ਬਾਰ ਵਧਾਈ। ਅਗੋਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਆਪ ਇਸ ਤਰ੍ਹਾਂ ਲਿਖਦੇ ਰਿਹਾ ਕਰੋ।

ਲਖਬੀਰ ਸਿੰਘ ਬਲੋਂਵਾਲੀ
ਸਿਰਸਾ

——

ਤੁਹਾਡਾ ਆਪਣਾ ਐਡੀਟੋਰੀਅਲ ਭਾਵੇਂ ਇਕ ਸਫੇ ਦਾ ਹੁੰਦਾ ਹੈ ਪਰ ਪੜ ਕੇ ਮਜ਼ਾ ਆ ਜਾਂਦਾ ਹੈ। ਭੈਣੀ ਸਾਹਿਬ ਦੀ ਸੰਗੀਤ ਸਭਾ ਦਾ ਵਰਣਨ ਆਪ ਜੀ ਨੇ ਜਿਸ ਤਰ੍ਹਾਂ ਕੀਤਾ ਹੈ ਪੜ ਕੇ ਇਸ ਤਰ੍ਹਾਂ ਮਹਿਸੂਸ ਹੋਦਿਆ ਕਿ ਜਿਸ ਤਰ੍ਹਾਂ, ਮੈਂ ਵੀ ਹਾਲ ਵਿਚ ਬੈਠ ਕੇ ਸੁਣ ਰਿਹਾ ਹੋਵਾਂ। ਇਹ ਹੀ ਆਰਟ ਲਿਖਣ ਦਾ ਕਿ ਪੜ੍ਹ ਕੇ ਉਸ ਸਾਰੇ ਪ੍ਰੋਗਰਾਮ ਦੀ ਫੋਟੋ ਦਿਮਾਗ ਵਿਚ ਆ ਜਾਵੇ ਯਾਨੀ ਫਿਲਮ ਦਿਸ ਜਾਵੇ ਏਨਾ ਕਰਨ ਵਾਸਤੇ ਬੜੀ ਮਿਹਨਤ ਅਤੇ ਲਗਣ ਦੀ ਲੋੜ ਹੈ।

ਜਗਦੀਸ਼ ਜੀ ਮੇਰਾ ਦਿਲ ਕਰਦਾ ਹੈ ਤੁਸੀਂ ਆਪਣਾ ਲਿਖੋ। ਸਫਰਨਾਮੇ ਯਾ ਪ੍ਰੋਗਰਾਮ ਦੀ ਫੋਟੋਗ੍ਰਾਫੀ ਤਾਂ ਤੁਸੀਂ ਬਹੁਤ ਅਛੀ ਕਰ ਲੈਂਦੇ ਹੋ ਇਹ ਵੀ ਕੋਈ ਘੱਟ ਗਲ ਨਹੀਂ ਪਰ ਤਾਂ ਵੀ ਆਪਣਾ ਜਰੂਰ ਕੁਝ ਲਿਖੋ ਜੋ ਸਿਰਫ ਆਪਣੇ ਦਿਮਾਗ ਦੀ ਕਾਢ ਹੋਵੇ। ਮੈਨੂੰ ਬੜੀ ਖੁਸ਼ੀ ਹੁੰਦੀ ਹੈ ਕਿ ਮੇਰਾ ਆਪਣਾ ਵੀ ਕੋਈ ਬਹੁਤ ਸੋਹਣਾ ਲਿਖ ਸਕਦਾ ਹੈ।

ਕਵੀ ਜੀ ਦਾ ਲੇਖ ਪੜਿਆ ਜੋ ਸੇਠਾਣੀ ਜੀ ਬਾਰੇ ਹੈ। ਉਹਨਾ ਦੇ ਸ਼ੁਧ ਸਹੀ ਵਿਚਾਰ ਮੈਨੂੰ ਬੜੇ ਪਰਭਾਵਿਤ ਕਰਦੇ ਹਨ। ਪਹਿਲੇ ਹੀ ਫਿਕਰੇ ਵਿਚ ਜੋ ਲਿਖਿਆ ਹੈ ਕਿ ਇਕ ਵਾਰ ਜ਼ਿਦਗੀ ਚੋਂ ਨਿਕਲੇ, ਫੇਰ ਕਦੇ ਐਨ ਪਹਿਲਾਂ ਵਾਲੇ ਜੀਵਨ ਵਿਚ ਪਰਤਣ ਦੀ ਸੰਭਾਂਵਨਾ ਹੀ ਨਹੀਂ" ਮੈਨੂੰ ਬੜਾ ਚੰਗਾ ਲਗਾ। ਬਾਕੀ ਯਾਦਾਂ ਹੀ ਰਹਿ ਜਾਂਦੀਆਂ ਹਨ। ਕਵੀ ਜੀ ਨੂੰ ਮੁਬਾਰਿਕ ਜੋ ਉਹਨਾਂ ਵੀ ਕੁਝ ਲਿਖਿਆ ਹੈ। ਅਸੀਂ ਤਾਂ ਤਰਸ ਜਾਂਦੇ ਹਾਂ ਉਹਣਾਂ ਦੇ ਲੇਖ ਨੂੰ।

ਅਮਰੀਕ ਸਿੰਘ ਜੰਮੂ

——

ਤੁਹਾਡੀ ਰੂਸ ਯਾਤਰਾ ਤੇ ਤੁਹਾਡਾ ਉਸਨੂੰ ਮਿੱਠੀ ਤੇ ਚੁੱਸਕੀਆਂ ਵਾਲੀ ਬੋਲੀ ਵਿਚ ਬਿਆਨ ਕਰਣਾ ਦੋਵੇ। ਕਮਾਲ। ਸੁਰਮਾ ਪਾਣਾ ਹੋਰ ਗੱਲ ਤੇ ਟਮਕਾਣਾ ਵਖਰੀ ਤਕਨੀਕ ਹੈ। ਸੰਗੀਤ ਸੰਮੇਲਣ ਦਾ ਸਾਂਨੂੰ ਪਤਾ ਹੀ ਨਹੀਂ ਲਗਾ। ਸ਼ਾਬਾਸ਼ੇ ਵਰਿਆਮ ਦੇ ਜਿਸ ਇਸ ਸੰਮੇਲਨ ਦੇ ਦਰਸ਼ਨ ਕਰਵਾ ਦਿਤੇ। ਤੁਹਾਡੀ ਸੰਗੀਤ ਤੇ ਸੰਗੀਤਕਾਰਾਂ ਬਾਰੇ ਭਰਪੂਰ ਜਾਣਕਾਰੀ ਹਰ ਲਾਈਨ ਵਿਚ ਦਿਸ ਰਹੀ ਸੀ। ਤੇਲੂ ਰਾਮ ਦੀ ਕਹਾਣੀ ਵਧੀਆ ਸੀ। ਕਈ ਭੀਰੇ ਏਸ ਤਰ੍ਹਾਂ ਰੁਲ ਗਏ ਮੇਰੇ ਸਾਹਮਣੇ।

ਅਮਰੀਕ ਸਿੰਘ
ਅਮ੍ਰਿਤਸਰ ਕਲਾਂ (ਸਿਰਸਾ)



Sri Satguru Jagjit Singh Ji eLibrary NamdhariElibrary@gmail.com

WITH

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਬਿਸਕੁਟਸ ਪ੍ਰਾ: ਲਿ:

ਹੈਦਰਾਬਾਦ

# AMBER BISCUITS Pvt. Ltd.

SANTOSH NAGAR X ROAD, HYDERABAD-500035 INDIA



Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM October 1988
Registered with the registerar of News Papers for India No. 26453/75


# 'POONAM'

**PROUDLY PRODUCES**

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

**ALREADY INTRODUCED:**

**Glucose, Roshni, Twinkle, Orange**
**Pineapple, Elaichi Cream Biscuits**
**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalthana, Aurangabad-431210**

Telephone : 8707
Telegram : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ
Monthly WARIAM, Ladowali Road, Jalandhar—144001.
ਅਕਤੂਬਰ ੧੯੮੮

Sri Satguru Jagjit Singh Ji eLibrary NamdhariElibrary@gmail.com